ਮਾਰਚ-ਅਪ੍ਰੈਲ ੧੯੭੯

# ਵਤਨੋਂ ਦੂਰ

**WATNO DUR**
**March/April 1979 — 60c**
**P.O. Box 67681 Stn. 'O'**
**Vancouver, B.C. V5W 3V2**

# LOYAL FURNITURE LTD.

$ SAVE

## BAISAKHI MUBARIK

## GREETINGS

$ SAVE



Special Sale Prices On Beds by Sealy & Restonic

Deluxe Livingroom Suites by ELMCREST or Atlantic
Often Copied But Never Equalled



VALUES GALORE

ਸਪੈਸ਼ਲ ਸੇਲ

BUY OF A LIFETIME





ਲੋਇਲ ਫਰਨੀਚਰ
• ਤੁਹਾਡਾ ਆਪਣਾ ਸਟੋਰ - ਵੈਨਕੂਵਰ ਵਿੱਚ ਸਭ ਤੋਂ ਵਧੀਆ ਤੇ ਨਿਰਾਲਾ ....
• ਵਧੀਆ ਮਾਲ • ਸਸਤੇ ਭਾਅ • ਸੁਨਹਿਰੀ ਮੌਕਾ ... ਬੈੱਡਰੂਮ ਸੈੱਟ, ਫਰਨੀਚਰ, ਰੱਗਾਂ ...

LF

**LOYAL FURNITURE LTD.**
2707 Main (at 11th)

VISA

Ph. 879-8319

OPEN 7 DAYS A WEEK

BAISAKHI MUBARIK

# ARE YOU PLANNING A BIG OR SMALL SOCIAL GATHERING?

**REMEMBER**

# CATER'S CORNER

**AND**

# MODERN—PARTY—RENTAL

## OFFER THEIR SERVICES TO TAKE CARE OF ALL THE ARRANGE-MENTS THAT WILL MAKE YOUR "BIG OCCASION" AN ENJOYABLE SUCCESS

**7209 Main St.**
**Vancouver**

**free**
**PRE-RECORDED CASSETTE TAPE WITH MINIMUM ORDER OF $50.00**

**PHONE: 325-5014**

ਵਿਆਹ ਸ਼ਾਦੀਆਂ ਜਾਂ ਪਾਰਟੀਆ ਬੁੱਕ ਕਰਨ ਤੋ ਪਹਿਲਾ ਸਾਡੇ ਮੀਨੋ ਅਤੇ ਕੀਮਤਾਂ ਦਾ
ਮੁਕਾਬਲਾ ਕਰੋ ਰਾਜਾ ਵਿਚ ਪਾਰਟੀਆਂ ਦੇ ਖਾਂਣੇ ਘਰ ਤੋਂ ਵਧੀਆ ਤੇ ਸਸਤਾ ਪੈਂਦਾ ਹੈ

BEFORE YOU BOOK A PARTY
COMPARE OUR SUPER SPECIAL RATES AND **MENU**

**FAMOUS TANDOORIE CHICKEN**

CATERING FOR
**WEDDING & SMALL HOME PARTIES.**

CALL **325-5014**

**Raja**
*Restaurant Ltd.*
Licensed Premises

7271 MAIN ST., VANCOUVER B.C.

# How to keep your farm in the family.

**You can ensure its financial future with a Sun Life policy. There's one that can take care of any mortgage left on the property and any debts on the equipment at your death. Retirement income can also be provided. May I give you the details.**



MOHINDAR S. GILL, B.COMM., M.B.A., C.G.A.

**Telephone: Off: 682-8441**
**Res: 433-1684**

Get your life in shape.

**SunLife**
OF CANADA

VANCOUVER ROYAL CENTRE BRANCH
SUN LIFE ASSURANCE COMPANY OF CANADA
730 - 1055 W. GEORGIA ST.
VANCOUVER 5, B.C.

---

# Super Saver Grocery Store
# 6236 Fraser Street, Vancouver

## ਹਰ ਇਕ ਕਿਸਮ ਦੀ ਗਰਾਸਰੀ

**ਜਿਵੇਂ ਕਿ :** ਵਧੀਆ ਦਾਲਾਂ, ਚਾਵਲ,
ਮਸਾਲੇ, ਆਚਾਰ, ਮੁਰਬੇ, ਚਟਨੀਆਂ, ਪਾਪੜ,
ਪਿਸਤਾ, ਕਾਜੂ, ਸਬਜ਼ੀਆਂ, ਨਮਕੀਨ ਤੇ ਸੈਂਕੜੇ
ਹੋਰ ਚੀਜ਼ਾਂ. ਘਟ ਕੀਮਤ ਤੇ ਲੈਣ ਲਈ ਹਮੇਸ਼ਾ
ਯਾਦ ਰਖੋ



PAL

ਵਿਆਹਾਂ ਸ਼ਾਦੀਆਂ, ਅਖੰਡ ਪਾਠਾਂ ਧਾਰਮਿਕ ਕਾਰਜਾਂ
ਲਈ ਖਾਸ ਰਿਆਇਤ।
ਵੈਨਕੂਵਰ ਤੋਂ ਬਾਹਰ ਸਮਾਨ ਭੇਜਣ ਦਾ ਖਾਸ ਪ੍ਰਬੰਧ ਹੈ।

*Time: 9 a.m.-9 p.m. Seven days a week.*

**Tel.: Bus.: 324-1838,**
**Res.: 278-5802**

**WATNO DUR**
**P.O. Box 67681**
**Postal Stn. 'O'**
**Vancouver, B.C.**
**V5W 3V2**

**Vol. 7, No. 68 and 69 MARCH/APRIL '79**
**2nd Class Mail Reg. No. 3233**
**ANNUAL SUBSCRIPTION:** Canada-U.S.A. $ 7.00
Other SEA $ 7.00
Countries AIR $10.00

**EDITORIAL BOARD:**
Surinder Dhanjal, 256-0436 (Windsor)
Ajmer Rodey, 438-7793
Amarjit Chahal, 892-3085

**MANAGING EDITORS:**
Raghbir Mand, 325-9564
Paul Binning, 879-3339

**EDITOR:**
Sadhu, 437-9014

**ADVERTISING EDITOR:**
Karamjit Ghuman, 321-6081

**CIRCULATION EDITOR:**
Sarwan Boal, 437-9014

**WATNO DUR REPRESENTATIVES:**
Iqbal Ramuwalia, Toronto (741-7538)
Latt Bhinder, Edmonton (436-8279)
Gurcharan Tallewalia, Richmond (271-4742)
K. S. Chaman, Calgary (248-2841)
Gill Avtar, Calgary (279-6510)
Dave Jatana, Prince Rupert 627-7209
Harnek Mann. Pr. George (564-6245)
J. S. Aulakh, Mission (826-4888)
Avtar Rodey, Quesnel (992-7578)
Tej Sandhu, Quesnel (992-6775)

**SPECIAL REPRESENTATIVES:**
Surinder Kailey (Ludhiana, India)
Jasbir Bath (Liverpool, U.K.)

*All officeholders and members of WATNO DUR PUBLICATIONS (Reg'd.) past and present have been and are honorary associates of WATNO DUR.*

ਵਤਨੋਂ ਦੂਰ ਵਿਚ ਛਪੀਆਂ ਰਚਨਾਵਾਂ ਨਾਲ
ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ;
ਵਿਚਾਰ ਲੇਖਕਾਂ ਦੇ ਆਪਣੇ ਨਿਜੀ ਹਨ।

## ਇਸ ਅੰਕ ਵਿਚ:—

ਕਵਿਤਾ —
ਜਸਬੀਰ ਬਾਠ, ਕੁਲਵੰਤ ਜਗਰਾਉਂ
ਅਮਰਜੀਤ ਸੂਫੀ, ਮਹਿੰਦਰ ਸੂਮਲ,
ਬਲਦੇਵ ਚੀਮਾ, ਸੰਤ ਰਾਮ ਉਦਾਸੀ,
ਹਰਬੰਸ ਸਿੰਘ, ਸੁਰਿੰਦਰ ਧੰਜਲ,
ਸਰਵਣ ਬੋਲ

ਕਹਾਣੀ :—
ਦਲਬੀਰ ਚੇਤਨ, ਬਲਰਾਜ ਸਿਧੂ

ਲੇਖ :—
ਅਸੈਂਬਲੀ ਬੰਬ ਕੇਸ ਵਿਚ ਦਿਤੇ,
ਗਏ ਬਿਆਨ
(ਭਗਤ ਸਿੰਘ ਤੇ ਬੱਟ ਕੇਸ਼ਵਰ ਦੱਤ),
ਅਜਮੇਰ ਰੋਡੇ, ਅਜਮੇਰ ਔਲਖ

ਗੁਫ਼ਤਗੂ :—
ਖੇਤ ਮਜ਼ਦੂਰ ਔਰਤਾਂ ਨਾਲ

ਪੁਸਤਕ ਚਰਚਾ — ਮੁਸ਼ਤਾਕ ਸਿੰਘ
— ਅਮਰਜੀਤ ਚਾਹਲ

# ਤਲਾਸ਼-ਇਕ ਅਲੰਕਾਰ ਦੀ

(ਢੰਡ ਦੇ ਪਾਤਰ ਭਾਨੂੰ ਦੇ ਨਾਂ)

□ ਜਸਬੀਰ ਬਾਠ
ਲਿਵਰਪੂਲ

ਉਹ ਮੈਨੂੰ ਇਲਜ਼ਾਮ ਦਿੰਦੇ ਹਨ ਕਿ
ਮੈਂ ਮਹਿਬੂਬ ਦੇ ਪਿੰਡੇ ਚੋਂ ਦੁਧ ਨਹੀਂ ਸੁੰਘਦਾ !
ਪਰ ਉਹਨਾਂ ਨੂੰ ਕੌਣ ਦੱਸੇ ਕਿ—
ਦੁਧ ਤੋਂ ਸੱਖਣੇ ਕਾਹਵੇ ਤੇ ਅੱਕਿਆ ਨੱਕ
ਹੁਣ ਨਿਰੀ ਖੁਸ਼ਬੋ ਤੇ ਨਹੀਂ ਵਿਰਦਾ ।
ਸੁਣਿਐਂ ਉਹ ਇਹ ਵੀ ਕਹਿੰਦੇ ਨੇ ਕਿ—
ਮੈਂ ਮਹਿਬੂਬ ਦੇ ਰੰਗ ਚੋਂ ਬਰਫ਼ ਨਹੀਂ ਵੇਂਹਦਾ !
ਪਰ ਉਹਨਾਂ ਨੂੰ ਕੀ ਪਤਾ ਕਿ—
ਬਰਫ਼ ਵਿੱਚ ਲੱਗੇ ਮਨੁਖ ਦਾ ਰੰਗ
ਕੋਕਾ ਕੋਲਾ ਤੋਂ ਘੱਟ ਨਹੀਂ ਹੁੰਦਾ ।
ਗਿਲਾ ਉਹ ਇਹ ਵੀ ਕਰਦੇ ਹਨ ਕਿ—
ਮੈਂ ਮਹਿਬੂਬ ਦੀਆਂ ਵੰਗਾਂ ਚੋਂ ਸੰਗੀਤ ਨਹੀਂ ਸੁਣਦਾ ।
ਜਿਵੇਂ ਕਿਤੇ ਸਮਝਦੇ ਨਾ ਹੋਣ ਕਿ—
ਹੱਥ-ਕੜੀ ਲੋਹੇ ਦੀ ਹੁੰਦੀ ਹੈ ਅਤੇ ਵੰਗਾਂ ਕੱਚ ਦੀਆਂ !
ਉਹ ਬਹੁਤ ਨਾਰਾਜ਼ ਹਨ ਕਿ—
ਮੈਂ ਮਹਿਬੂਬ ਦੀਆਂ ਜ਼ੁਲਫਾਂ ਨੂੰ ਸੱਪ ਨਹੀਂ ਕਹਿੰਦਾ ।
ਹੁਣ ਉਹਨਾਂ ਨੂੰ ਕੋਈ ਇਹ ਪੁਛੇ ਕਿ—
'ਸੱਪ' ਲੜਕੇ ਮਰੇ ਮਾੜੂ ਮਜਬੀ ਦੀ ਧੀ ਬੀਰੋ—
ਭਲਾ ਬੂਆ ਕੋਲ ਸੀ ਕਿ ਹਾਸਪੀਟਲ ?
ਮੈਨੂੰ ਪਤਾ ਹੈ—
ਕੁਝ ਲੋਕ ਉਹਨਾਂ ਦੇ ਸ਼ਿਕਵੇ ਜਾਇਜ਼ ਵੀ ਮੰਨਣਗੇ
ਤੇ ਮੈਨੂੰ ਅਸਾਹਿਤਕਾਰ ਵੀ !
ਪਰ ਸੁਣੋ !
ਸ਼ੂਕਦਾ ਝਨਾਂ ਤਰਨ ਲਈ ਜੇ ਘੜਾ ਕੱਚਾ ਹੈ—
ਤਾਂ ਡੁਬਣਾ ਕੋਈ ਜ਼ਰੂਰੀ ਨਹੀਂ !
ਮੈਨੂੰ ਪਤਾ ਹੈ ਉਹ ਸੋਹਣੀ ਦੀ ਕੁਰਬਾਨੀ ਦੀ ਗੱਲ ਕਰਨਗੇ,
ਪਰ ਉਹਨਾਂ ਨੂੰ ਕਹੋ ਕਿ
ਇਸ ਕੁਰਬਾਨੀ ਦੀ ਗੱਲ ਕਰਨ ਤੋਂ ਪਹਿਲਾਂ—
ਕੁਰਬਾਨੀ ਦਾ ਕੱਦ ਮਾਪਣ !
ਰਾਂਝਾ ਸਿਆਲਾਂ ਦੇ ਬੇਲਿਆਂ ਵਿਚ
ਮੱਝੀਆਂ ਦਾ ਛੇੜੂ ਨਹੀਂ ਅੱਜ ਕਲ੍ਹ—
ਮੋਗੇ ਦੀ ਚੈਂਬਰ ਰੋਡ ਤੇ ਹੈ ਬਾਰੂਦ ਦੇ ਅੰਨ੍ਹੇ ਮੀਂਹ ਵਿੱਚ ।
ਤੇ ਜ਼ਖ਼ਮ ਮਹੀਂਵਾਲ ਦੇ ਪੱਟ ਤੋਂ ਸਫ਼ਰ ਕਰ ਚੁੱਕਾ ਹੈ ਹਿੱਕ ਤੱਕ—
ਝਨਾਂ ਵਿੱਚ ਉਠੀਆਂ ਛੱਲਾਂ ਦਾ ਮੱਥਾ ਚੁੰਮਣ ਦੇ 'ਦੋਸ਼' ਵਿਚ ।
ਤੇ ਜੇ ਹਾਲੇ ਵੀ ਉਹਨਾਂ
ਅੰਗਿਆਰ ਮਹਿਬੂਬ ਦੇ ਬੁੱਲਾਂ ਚੋਂ ਪੀਣੇ ਨੇ—
ਤਾਂ ਉਹਨਾਂ ਨੂੰ ਕਹੋ—
ਕ੍ਰਿਪਾ ਕਰ ਕੇ ਜੰਗਲਾਂ ਨੂੰ ਚਲੇ ਜਾਣ ।
ਕਿਉਂਕਿ ਬਹੁਤ ਠੰਡਾ ਹੈ ਸਿਵਿਆਂ ਦੀ ਅੱਗ ਲਈ
ਉਹਨਾਂ ਦੀ ਮਹਿਬੂਬ ਦਾ ਸੁਲਗਦਾ ਬਦਨ ।
ਤੇ ਮੇਰਾ ਵਿਸ਼ਵਾਸ਼ ਹੈ ਕਿ—
ਉਹਨਾਂ ਦੀ ਬਾਂਦਰਾਂ ਨਾਲ ਪੱਕੀ ਯਾਰੀ ਪੈਣ ਤੋਂ ਪਹਿਲਾਂ
ਮੈਂ ਆਪਣੀ ਮਹਿਬੂਬ ਦੇ ਨੱਕ ਦੀ ਸੁੰਦਰਤਾ ਲਈ
ਤਲਵਾਰ ਤੋਂ ਵੀ ਤਿੱਖਾ ਅਲੰਕਾਰ ਲਭ ਚੁੱਕਾ ਹੋਵਾਂਗਾ ॥

●

# ਚੇਤਾਵਨੀ

□ ਕੁਲਵੰਤ ਜਗਰਾਉਂ

ਜੇ ਡਿੱਗੇ ਹੋਏ ਦੁਸ਼ਮਣ ਤੇ ਵਾਰ ਕਰਕੇ
ਸੋਚਦੇ ਹੋ ਕਿ ਸੂਰਮਿਆਂ ਵਿਚ ਸ਼ਾਮਿਲ ਹੋ ਜਾਵਾਂਗੇ
ਤਾਂ ਤੁਹਾਡੀ ਭੁਲ ਹੈ
ਨਿਹੱਥੇ ਵੈਰੀ ਤੇ ਵਾਰ ਕਰਨਾ ਤਾਂ ਬੁਜ਼ਦਿਲੀ ਹੈ
ਤੁਸੀਂ ਕਿੱਥੇ ਛੁਪ ਗਏ ਸੀ
ਜਦ ਹਨੇਰੀ ਰਾਤ ਝੱਖੜ ਝੁਲ ਰਿਹਾ ਸੀ
ਜੇ ਸੀਸ ਭੇਟ ਕਰਨਾ ਸੀ ਤਾ ਉਦੋਂ ਆਉਂਦੇ
ਜਦੋਂ ਨੰਗੀ ਤੇਗ ਲਿਸ਼ਕੀ ਸੀ
ਸੂਰੇ ਤਾਂ ਉਸ ਵਕਤ ਨਿਤਰੇ ਸਨ
ਪਰ ਤੁਸੀਂ ਤਾਂ ਖੁੱਡਾਂ ਵਿਚ ਵੜ ਗਏ ਸੀ
ਚਿੱਟਾ ਘੋੜਾ ਜਦੋਂ ਹਿਣਕਦਾ ਸੀ
ਤਾਂ ਤੁਹਾਡੇ ਚੋਂ ਬਹੁਤੇ ਆਖਦੇ ਸਨ
ਵਾਹ ! ਵਾਹ ! ਇਹ ਤਾਂ ਸ਼ੇਰ ਵਾਂਗੂ ਗਰਜਦਾ ਹੈ
ਤੁਹਾਡੇ ਮੂੰਹਾਂ ਨੂੰ ਤਾਲੇ ਤਾਂ ਨਹੀਂ ਲਗੇ ਸਨ
ਤੁਸੀਂ ਤਾਂ ਓਦੋਂ ਰੰਡੀਆਂ ਵਾਂਗੂ ਲਿਖਤਾਂ ਵੇਚਦੇ ਸੀ
ਇਨਾਮਾਂ ਤੇ ਖਿਤਾਬਾਂ ਲਈ ਜੂਠੇ ਚੁਕੀ ਕੌਣ ਫਿਰਦੇ ਸਨ ?
ਹਰ ਕੋਈ ਜਾਣਦਾ ਹੈ
ਜੇ ਹਿੰਮਤ ਹੈ ਤਾਂ ਦੁਸ਼ਮਣ ਜੋ ਸਾਹਮਣੇ ਤਣਿਆ ਖੜਾ ਹੈ
ਉਸ ਦੇ ਅੱਗੇ ਲੇਲੜੀਆਂ ਕੱਢਣ ਦੀ ਥਾਂ
ਉਸ ਦੇ ਮੂੰਹ ਤੇ ਥੁਕ ਦਿਉ
ਜੇ ਕਲਮਾਂ ਦੀ ਲਾਜ ਰਖਣੀ ਹੈ ਤਾਂ ਕਲਮਾਂ ਵਾਲਿਉ
ਆਪਣੀਆਂ ਕਲਮਾਂ ਤੋਂ ਨਾ ਪੇਸ਼ਾ ਕਰਾਉ
ਗੋਰਾ ਹੋਵੇ ਜਾਂ ਕੋਈ ਕਾਲਾ
ਦੁਸ਼ਮਣ ਦੁਸ਼ਮਣ ਹੀ ਹੁੰਦਾ ਹੈ
ਤੇ ਜੋ ਵੀ ਉਸ ਦਾ ਸਾਥ ਦੇਵੇ
ਲੋਕ ਉਸ ਨੂੰ ਦੁਸ਼ਮਣ ਹੀ ਸਮਝਦੇ ਨੇ ।

●

## ਮੌਕਾ ਪ੍ਰਸਤ

— ਅਮਰਜੀਤ ਸੂਫ਼ੀ

ਮੌਕਾਪ੍ਰਸਤ,
ਜੇ ਕਹਿ ਲਵਾਂ
ਬੜੀ ਕੁੱਤੀ ਚੀਜ਼ ਹੈ
ਤਾਂ ਗਲਤ ਨਹੀਂ ਹੋਏਗਾ।

ਉਸਦੀ ਮੱਕਾਰੀ ਅਤੇ ਬੇਈਮਾਨੀ 'ਤੇ
ਯਕੀਨ ਕਰਨਾ ਚਾਹੀਦਾ ਹੈ,
ਜੋ ਉਸ ਨੂੰ ਕਦੀ ਧੋਖਾ ਨਹੀਂ ਦਿੰਦੀ।

ਉਹ ਦੋਹਾਂ ਧਿਰਾਂ 'ਚੋਂ
ਸੱਪ ਵਾਂਗ ਵਲ ਖਾਂਦਾ
ਸਾਫ਼ ਨਿਕਲ ਜਾਂਦਾ ਹੈ।

ਸਭ ਪਾਸਿਆਂ ਤੋਂ ਕੌੜੇ-ਸ਼ਬਦ
ਉਸ ਨੂੰ ਇੰਝ ਜਿਹੇ ਮਹਿਸੂਸ ਹੁੰਦੇ ਹਨ
ਬੇ-ਸ਼ਰਮ ਜੋ ਹੋਇਆ।
ਉਹ ਹਰ ਇਕ ਨੂੰ ਵਰਤ ਕੇ
ਇਸਮਾਦ ਪਾਉਂਦਾ ਹੈ।

ਪਰ ਮੌਕਾਪ੍ਰਸਤੀ ਦਾ ਪਰਦਾ
ਬੜਾ ਬਰੀਕ ਹੁੰਦਾ ਹੈ
ਜੋ ਮਾਮੂਲੀ ਛੂਹ ਨਾਲ ਹੀ
ਫਟ ਜਾਂਦਾ ਹੈ।

ਇਕ ਦਿਨ ਹੀ
ਮੌਕਾਪ੍ਰਸਤ ਦੀ ਚਾਲ ਨੂੰ
ਅਕਸਤਰ ਕਰ ਦਿੰਦਾ ਹੈ।

ਇਹ ਸੱਚ ਦਾ ਸੱਚ-ਸਾਇਆ
ਵਾਰ ਸਹਿ
ਲਾਜਵੰਤੀ ਦੇ ਵਾਂਗ
ਸੁੰਗੜ ਜਾਂਦਾ ਹੈ

ਪਰ ਮੌਕਾ ਪ੍ਰਸਤ
ਹੈ ਬੜੀ ਕੁੱਤੀ ਸ਼ੈਅ।

## ਕਵਿਤਾ

— ਬਲਦੇਵ ਚੀਮਾ

ਸ਼ਾਮੀਂ ਜਦੋਂ ਮੈਂ ਪੀਣ ਲਈ ਜਾਮ ਉਠਾਇਆ,
ਕੁੱਝ ਯਾਦਾਂ ਇਉਂ ਘੇਰਿਆ
ਕਿ ਮੇਰਾ ਗੱਚ ਭਰ ਆਇਆ।
ਮੈਨੂੰ ਯਾਦ ਹੈ ਅੱਜ ਵੀ ਉਹ ਦਿਨ
ਜਦੋਂ ਮੇਰੀ ਭੈਣ ਦੇ ਰਿਸ਼ਤੇ ਦੀ ਗੱਲ
ਸਾਡੀ ਗਰੀਬੀ ਕਾਰਣ ਟੁੱਟੀ ਸੀ,
ਤੇ ਪਿੰਡ ਵਿਚ ਜੰਗਲ ਦੀ ਅੱਗ ਵਾਂਗ ਫੈਲੀ ਸੀ।
ਇਸੇ ਨਮੋਸ਼ੀ ਕਾਰਣ
ਮੇਰੀ ਮਾਂ ਨੇ
ਇਕ ਵਾਰ ਖਾਣਾ ਛੱਡ ਦਿੱਤਾ ਸੀ।
ਤੇ ਕੱਲ ਦੀ ਹੀ ਗੱਲ ਹੈ।
ਜਦੋਂ ਬਾਪੂ ਦਮੇਂ ਹੱਥੋਂ
ਪੈਸੇ ਦੀ ਥੁੜ ਕਰਕੇ
ਹੱਡ ਗੋਡੇ ਰਗੜ ਰਗੜ ਕੇ ਮੋਇਆ ਸੀ।
ਪਰ ਮੈਂ ਸਿਆਣੇ ਬਣ
ਹੰਝੂ ਵਹਾਉਣ ਬਿਨਾਂ
ਕੁੱਝ ਨਹੀਂ ਸਾਂ ਕਰ ਸਕਿਆ।
ਸਭ ਕੁੱਝ ਭੁੱਲ ਜਾਣ ਲਈ,
ਜਾਮ ਪੂਰੇ ਜ਼ੋਰ ਨਾਲ ਮੂੰਹ ਤੱਕ ਲਿਜਾਂਦਾ ਹਾਂ
ਪਰ ਬੁੱਲ੍ਹਾਂ ਨੂੰ ਛੂਹਣ ਤੋਂ ਪਹਿਲਾਂ ਹੀ—
ਡਿਗ ਪੈਂਦਾ ਹੈ।

## ਸ਼ਹੀਦ ਦਾ ਪੁੱਤ

— ਮਹਿੰਦਰ ਸੁਮਲ

ਕਿਸੇ ਪੁੱਛਿਆ ਪੁੱਤ ਸ਼ਹੀਦ ਦੇ ਨੂੰ
ਗਲ ਪਾਉਂਦਾ ਤਾਂ ਨਹੀਂ ਫੁੱਲਾਂ ਦੇ ਹਾਰ ਦੇ ਨਾਲ
ਕਿਸੇ ਮੰਤਰੀ ਪਾਇਆ ਜੋ ਗਲ ਤੇਰੇ,
ਬੜੀ ਸ਼ਰਧਾ ਤੇ ਬੜੇ ਪਿਆਰ ਦੇ ਨਾਲ
ਇਨ੍ਹਾਂ ਫੁੱਲਾਂ ਵਿਚ ਮਹਿਕ ਤੇ ਟਹਿਕ ਹੈ ਨਹੀਂ
ਇਹ ਤਾਂ ਲਗਦੇ ਨੇ ਬਾਜ਼ਾਰੀ ਪਿਆਰ ਦੇ ਫੁੱਲ
ਇਨ੍ਹਾਂ ਫੁੱਲਾਂ ਦਾ ਰੰਗ ਹੈ ਜ਼ਰਦ ਫਿੱਕਾ
ਇਹ ਤਾਂ ਲਗਦੇ ਨੇ ਮੌਸਮ ਉਦਾਸ ਦੇ ਫੁੱਲ
ਇਨ੍ਹਾਂ ਫੁੱਲਾਂ ਦੀ ਮਹਿਕ ਹੈ ਹੋਈ ਮੁਰਦਾ
ਇਹ ਨੇ ਉਜੜੀ ਹੋਈ ਗੁਲਜ਼ਾਰ ਦੇ ਫੁੱਲ
ਇਨ੍ਹਾਂ ਹਾਰਾਂ ਵਿਚ ਕੋਇਲ ਦੇ ਬੋਲ ਕੋਈ
ਕੋਈ ਕਿਸੇ ਮੁਟਿਆਰ ਦਾ ਪਿਆਰ ਲਗਦਾ
ਰੰਗਤ ਖ਼ੂਨ ਦੀ ਫੁੱਲਾਂ ਨੂੰ ਚਾੜ੍ਹਕੇ ਤੇ
ਪਾਇਆ ਗਲ ਵਿਚ ਤੇਰੇ ਇਹ ਹਾਰ ਲਗਦਾ
ਇਨ੍ਹਾਂ ਹਾਰਾਂ ਵਿਚ ਮਾਵਾਂ ਦਾ ਜਿਗਰ ਕੋਈ
ਫੁੱਲ ਰੱਖੜੀ ਦੇ ਇਹ ਨੇ ਖੋਹੇ ਲਗਦੇ
ਇਨ੍ਹਾਂ ਹਾਰਾਂ ਨੇ ਕੀਤਾ ਕੋਈ ਪਾਪ ਅਜਿਹਾ
ਇਹ ਤਾਂ ਮੌਤ ਵਿਚ ਹਾਰ ਪਰੋਏ ਲਗਦੇ
ਇਨ੍ਹਾਂ ਫੁੱਲਾਂ ਦੀਆਂ ਪੱਤੀਆਂ ਜ਼ਹਿਰ ਭਰੀਆਂ
ਕਿਸੇ ਨਾਗ ਦੇ ਡੁੱਲ੍ਹ ਕੇ ਛੋਹੇ ਲਗਦੇ
ਇਨ੍ਹਾਂ ਹਾਰਾਂ ਵਿਚ ਮਿਹਨਤਾਂ ਰੋਂਦੀਆਂ ਨੇ
ਜ਼ੋਰ ਜ਼ੁਲਮ ਨਾਲ ਹੱਕ ਦਬਾਏ ਗਏ ਨੇ
ਤੇਰੇ ਪੁੱਤ ਪੂਰਣ ਇਹ ਲੱਖ ਵਾਰੀ
ਤੇਰੀ ਸੋਚ ਤੇ ਪਹਿਰੇ ਲਾਏ ਗਏ ਨੇ।

## ਉਦਾਸ ਸੁਰਾਂ...

**ਅਜੀਤ ਚੰਦਨ**

ਉਦਾਸ ਸੁਰਾਂ, ਮੱਧਮ ਜਿਹੀ ਰੌਸ਼ਨੀ 'ਚ ਦੀਵੇ ਵਾਂਗ ਜਗਦੀਆਂ
ਤੇ ਨਿੱਘਰ ਚੁੱਕੇ ਇਨਸਾਨਾਂ ਦੇ ਦਿਲਾਂ 'ਚ
ਰੌਸ਼ਨੀ ਭਰਦੀਆਂ—ਵਜਦੀਆਂ ਰਹਿੰਦੀਆਂ-ਵਜਦੀਆਂ ਰਹਿੰਦੀਆਂ

ਤੇ ਉਦਾਸ ਸੁਰਾਂ ਕੱਢਣ ਵਾਲਾ ਕੋਈ ਸਹਿਗਲ ਆਦਿ-ਕਾਲੀ
ਬੁੱਤ-ਤਰਾਸ਼ ਵਾਂਗ ਖੱਬੇ ਹੱਥ ਨਾਲ ਆਪਣੇ ਮੱਥੇ ਤੋਂ
ਖੱਬੇ ਹੱਥ ਨਾਲ ਪਸੀਨਾ ਪੂੰਜਦਾ ਤੇ
ਉਸੇ ਵਕਤ ਸੱਜਾ ਹੱਥ ਨਾਲ ਬੁੱਤ-ਤਰਾਸ਼ੀ ਕਰਦਾ ਰਹਿੰਦਾ...

ਅਤੀਤ ਦੇ ਦਰਿਆਵਾਂ 'ਤੇ ਜਹਾਜ਼ ਵਾਂਗ ਡਾਵਾਂ ਡੋਲ ਤੈਰਦਾ
ਆਪਣੇ 'ਚੋਂ ਅੱਗ ਦੀਆਂ ਲਾਟਾਂ ਛੱਡਦਾ—
ਪੁਰੇ ਦੀ ਹਵਾ ਕੋਲੋਂ ਸੁਰਾਂ ਦਾ ਦਰਦ ਪੁੱਛਦਾ

ਵਰਤਮਾਨ ਦੀ ਗਲੀ ਗਲੀ ਭਟਕ ਕੇ
ਭਵਿੱਖ ਵੱਲ ਆਪਣੀਆਂ ਧੁੰਧਲੀਆਂ ਨਜ਼ਰਾਂ ਗੱਡ ਦਿੰਦਾ;

ਉਦਾਸ ਸੁਰਾਂ ਦਾ ਰਾਗ ਵੀ
ਦੀਵੇ ਦੀ ਮੱਧਮ ਲੋਅ ਵਰਗਾ ਹੁੰਦਾ ਹੈ
ਜਦ ਚੰਦ ਚਾਂਦਨੀ ਰਾਤ ਦੇ ਪਿਛਲੇ ਪਹਿਰ
ਅਕਾਸ਼ ਤੋਂ ਕੋਈ ਪਰੀ-ਦੇਹ ਉਤਰਦੀ ਹੈ
ਤੇ ਸੁਰਾਂ ਕੱਢਣ ਵਾਲੇ ਦੀਆਂ ਅੱਖਾਂ ਨੂੰ ਚੁੰਮ ਕੇ ਪੁੱਛਦੀ :
'ਟਿਕੇ ਵੀ ਰਹਿਣ ਦੇਵੋ ਜ਼ਿੰਦਗੀ ਦੇ ਸਾਜ਼ ਨੂੰ ਕਦੇ
ਸੁੱਤੀ ਹੋਈ ਝੀਲ ਨੂੰ ਕਿਉਂ ਜਗਾਉਂਦੇ ਹੋ...
ਰਾਤ ਦੇ ਪਿਛਲੇ ਪਹਿਰ...'

ਗੀਤਕਾਰ ਪਰੀ-ਦੇਹ ਨੂੰ ਵੇਖ ਕੇ
ਸੁਰਾਂ ਦੇ ਆਖ਼ਰੀ ਦਰਦ ਨੂੰ ਛੇੜਦਾ
ਤੇ ਬੁੱਝ ਚੁੱਕੀਆਂ ਬੱਤੀਆਂ
ਸੰਗੀਤ ਦੇ ਦਰਦ ਨਾਲ ਜਗਣ ਲੱਗ ਪੈਂਦੀਆਂ।

• •

## ਰੁਬਾਈ

**ਨਾਜ਼ਰ ਸਿੰਘ ਤਰਸ**

ਚਰਚਾ ਮਜ਼੍ਹਬ ਅਪਣੇ ਦਾ ਸਵੇਰੇ ਸ਼ਾਮ ਕਰਦੇ ਹੋ,
ਤੇ ਨਿੰਦਾ ਦੂਸਰੇ ਮਜ਼ਹਬਾਂ ਦੀ ਸ਼ਰਿਆਮ ਕਰਦੇ ਹੋ।
ਮਜ਼ਹਬ ਨਫ਼ਰਤ ਨਹੀਂ ਮਜ਼ਹਬ ਹੈ ਨਾਂ ਮੁਹੱਬਤ ਦਾ,
ਓ ਮਜ਼ਹਬਾਂ ਵਾਲਿਓ ! ਕਿਉਂ ਮਜ਼ਹਬ ਨੂੰ ਬਦਨਾਮ ਕਰਦੇ ਹੋ।

ਗਰਮ ਨੂੰ ਸਰਦ ਕਹਿੰਦੇ ਹੋ ਸਰਦ ਨੂੰ ਗਰਮ ਕਹਿੰਦੇ ਹੋ।
ਉਹ ਕਰਦੇ ਆਪ ਹੋ ਮਾੜੇ ਜਿਨ੍ਹਾਂ ਨੂੰ ਕਰਮ ਕਹਿੰਦੇ ਹੋ।
ਓ ਧਰਮ ਦੇ ਰਖਵਾਲਿਓ ਧਰਮ ਦੇ ਨਾਂ ਥੱਲੇ,
ਲੁੱਟ ਖਾਣਾ ਜ਼ਮਾਨੇ ਨੂੰ ਏਸੇ ਨੂੰ ਧਰਮ ਕਹਿੰਦੇ ਹੋ ?।

○○

## ਗੀਤ

□ ਦੇਵ ਰਾਊਕੇ
ਮੋਗਾ (ਪੰਜਾਬ)

ਜੀਹਨੇ ਭੁੱਖ ਹੰਢਾ ਕੇ ਵੇਖੀ ਨਹੀਂ ਉਹ ਦੁੱਖ ਹੰਢਾਉਂਣਾ ਕੀ ਜਾਣੇਂ
ਜੀਹਦੇ ਪੈਰ 'ਚ ਕੰਢਾ ਚੁਭਿਆ ਨਹੀਂ ਉਹ ਖੂਨ ਵਹਾਉਣਾ ਕੀ ਜਾਣੇਂ
ਇਹ ਰੌਲਾ ਸਾਰਾ ਕੁਰਸੀ ਦਾ, ਕੁਰਸੀ ਦੀ ਖਾਤਰ ਲੜਦੇ ਨੇ।
ਵਿਹਲੜ ਤਾਂ ਮੌਜਾਂ ਕਰਦਾ ਹੈ, ਪਰ ਕਾਮੇ ਧੁੱਪੇ ਸੜਦੇ ਨੇ।
ਜੋ ਕਦਰ ਵਕਤ ਦੀ ਕਰਦਾ ਨਹੀਂ,ਉਹ ਫਰਜ਼ ਨਿਭਾਉਣਾ ਕੀ ਜਾਣੇਂ
ਜੀਹਦੇ ਪੈਰ 'ਚ ........
ਇਹ ਲੋਟੂ ਭੇੜੇ ਕੀ ਜਾਨਣ, ਕੀ ਹੁੰਦੀ ਔਖ ਗਰੀਬਾਂ ਦੀ।
ਉਸ ਨੇ ਹੱਕ ਪਿੱਛੇ ਕੀ ਲੜਨੈਂ, ਜੋ ਕਰਦੇ ਗੱਲ ਨਸੀਬਾਂ ਦੀ।
ਜੋ ਕਿਰਤ ਪਰਾਈ ਖਾ ਜਾਂਦੇ, ਉਹ ਵੰਡਾਉਂਣਾ ਕੀ ਜਾਣੇਂ।
ਜੀਹਦੇ ਪੈਰ 'ਚ .........
ਅੱਜ ਦਾ ਭਾਗੋ ਇਹ ਕੀ ਜਾਣੇਂ, ਕੀ ਮਸਲਾ ਹੁੰਦਾ ਰੋਟੀ ਦਾ।
ਕੁੱਝ ਦਾ ਕੁੱਝ ਆਖਿਰ ਕਰ ਬਹਿੰਦੈ, ਤੜਫਾਇਆ ਬੰਦਾ ਰੋਟੀ ਦਾ।
ਜੋ ਗੱਲਾਂ ਕਰਦੇ ਜ਼ੁਲਫ਼ ਦੀਆਂ, ਉਹ ਪੰਜਾ ਪਾਉਣਾ ਕੀ ਜਾਣੇਂ।
ਜੀਹਦੇ ਪੈਰ 'ਚ.........
ਐ ਯਾਰੋ ! ਏਦਾਂ ਸਰਨਾ ਨਹੀਂ, ਹੁਣ ਹੱਥ ਵਿਖਾਉਣਾ ਪੈਣਾ ਏਂ।
ਤੁਰਨਾ ਪਊ ਅੰਗਿਆਰਾਂ ਤੇ, ਕੰਡਿਆਂ ਤੇ ਸੌਣਾਂ ਪੈਣਾ ਏਂ।
ਜਿਸ ਸੀਸ ਤਲੀ ਤੇ ਰੱਖਿਆ ਨਹੀਂ,ਸਿਰ ਕਲਮ ਕਰਾਉਂਣਾ ਕੀ ਜਾਣੇ
ਜੀਹਨੇ ਭੁੱਖ ਹੰਢਾ ਕੇ ਵੇਖੀ ਨਹੀਂ, ਉਹ ਦੁੱਖ ਹੰਢਾਉਂਣਾ ਕੀ ਜਾਣੇਂ
ਜੀਹਦੇ ਪੈਰ 'ਚ ਕੰਡਾ ਚੁਭਿਆ ਨਹੀਂ,ਉਹ ਖੂਨ ਵਹਾਉਣਾ ਕੀ ਜਾਣੇਂ

●

## ਗ਼ਜ਼ਲ

□ ਦੀਦਾਰ ਸੇਤਰਾ

ਨਹੀਂ ਜ਼ਿੰਦਗੀ ਦੀ ਪੁੱਗਦੀ ਹਨ੍ਹੇਰਿਆਂ ਦੇ ਨਾਲ।
ਸਾਡਾ ਵਾਸਤਾ ਹੈ ਸੁਰਖ ਸਵੇਰਿਆਂ ਦੇ ਨਾਲ।
ਕਦੇ ਨਿੱਭਦੀ ਨਹੀਂ ਵੇਖੀ ਨਿਰੀ ਲਫ਼ਜ਼ਾਂ ਦੀ ਯਾਰੀ,
ਨਹੀਂ ਚਾਨਣਾ ਦੀ ਨਿਭਦੀ ਹਨ੍ਹੇਰਿਆਂ ਦੇ ਨਾਲ।
ਉਂਜ ਬੁਲ੍ਹਾਂ ਉਤੇ ਲੋਕਾਂ ਦਿਆਂ ਦੁੱਖਾਂ ਦੀਆਂ ਗੱਲਾਂ,
ਵਿਚੋਂ ਪਾਲਦੇ ਨੇ ਯਾਰੀਆਂ ਲੁਟੇਰਿਆਂ ਦੇ ਨਾਲ।
ਜਿਹਨਾਂ ਮੰਜ਼ਲਾਂ ਤੇ ਜਾਣਾ ਤੁਰੇ ਰਹਿਣ ਦਿਨੇ ਰਾਤੀਂ,
ਉਹ ਨਹੀਂ ਸੋਚਦੇ ਕਿ ਤੁਰਾਂਗੇ ਸਵੇਰਿਆਂ ਦੇ ਨਾਲ।
ਅਸੀਂ ਮਾਂਦਰੀ ਹੀ ਭਾਲਦੇ ਗੁਜ਼ਾਰੀ ਸਾਰੀ ਉਮਰ,
ਹੱਥ ਖੇਡਦੇ ਸਪੋਰੇ ਹੀ ਸਪੇਰਿਆਂ ਦੇ ਨਾਲ।
ਤੈਥੋਂ ਸਿੱਖੀ ਹੀ ਨਾ ਗਈ ਨਾਗ ਕੀਲਣੇ ਦੀ ਜਾਂਚ,
ਐਵੇਂ ਘੁੰਮ ਕੇ ਗਵਾਈ ਤੂੰ ਸਪੇਰਿਆਂ ਦੇ ਨਾਲ।
ਜਦੋਂ 'ਦਾਰ' ਨੇ ਪਛਾਣੀ ਰੁੱਤ ਸਮਿਆਂ ਦੀ ਰਾਣੀ,
ਤੁਰੀ ਬਾਲ ਕੇ ਮਿਸਾਲਾਂ, ਜਿੰਦ ਜੋਰਿਆਂ ਦੇ ਨਾਲ।

●

## ਗੁਰੂ ਗੋਬਿੰਦ ਸਿੰਘ ਜੀ ਦਾ ਲੋਕਾਂ ਦੇ ਨਾਂ ਅੰਤਮ ਸੁਨੇਹਾ

(ਸੰਤ ਰਾਮ ਉਦਾਸੀ)

ਵਤਨ ਦੇ ਆਸ਼ਕੋ ! ਤੇ ਯੋਧਿਓ !! ਜਾਂ ਬਾਜ਼ ਸਰਦਾਰੋ,
ਅਣਖਾਂ ਵਾਲਿਓ ਕੁਰਬਾਨੀਆਂ ਦੇ ਅਲਮਬਰਦਾਰੋ ।
ਮੈਂ ਲਾਹਕੇ ਫ਼ਰਜ਼ ਅਪਣੇ, ਅੰਤ ਰੁਖ਼ਸਤ ਲੈਣ ਲਗਿਆ ਹਾਂ,
ਤੇ ਰੁਖ਼ਸਤ ਲੈਣ ਤੋਂ ਪਹਿਲਾਂ, ਸੁਣੋ ! ਕੁਝ ਕਹਿਣ ਲਗਿਆ ਹਾਂ ।
ਜਦੋਂ ਮਜ਼ਦੂਰ ਦੇ ਹੱਕਾਂ ਤੇ ਕੋਈ ਹੱਥ ਉੱਠਦਾ ਏ,
ਜਦੋਂ ਵੀ ਕਾਂਗ ਚੜ੍ਹਦੀ ਏ, ਮਾਸੂਮਾਂ ਦੀ ਕਿਆਮਤ ਦੀ ।
ਜਦੋਂ ਜ਼ੁਲਮਾਂ ਦੀ ਭੱਠੀ ਦੀ ਹੈ ਅਗਨੀ ਤੇਜ਼ ਹੋ ਜਾਂਦੀ,
ਤਦੋਂ ਵਿਸ਼ਵਾਸ ਹੋ ਜਾਂਦੋ ਇਹ ਆਮਦ ਹੈ ਬਗ਼ਾਵਤ ਦੀ ।
ਜਦੋਂ ਹੈ ਦੌਰ ਚਲਦਾ ਦੀਨ ਤੇ ਫਿਰਕਾ ਪ੍ਰਸਤੀ ਹੈ,
ਜਦੋਂ ਵੀ ਲੋਕ-ਹਿਤ ਮਜ਼ਹਬਾਂ ਦੇ ਨਾਪੇ ਨਾਪਿਆ ਜਾਂਦਾ ।
ਜਦੋਂ ਮਜ਼ਦੂਰ ਦੇ ਮੁੜ੍ਹਕੇ ਦਾ ਕੋਈ ਮੁਲ ਨਾ ਤਾਰੇ
ਵਤਨ ਹੈ ਕੀਲਿਆ ਜਾਂਦਾ ਅਤੇ ਸਰਾਪਿਆ ਜਾਂਦਾ ।
ਮੈਂ ਜੰਤਾ ਦੇ ਸਮੁੰਦਰ ਵਿਚ ਆਪਾ ਖੋਰ ਦਿੱਤਾ ਏ,
ਜ਼ੁਲਮ ਦੇ ਬਾਜ਼ ਜਾਂ ਲੋਕਾਂ ਨੂੰ ਚਿੜੀਆਂ ਵਾਂਗ ਸੀ ਫੜਦੇ ।
ਬੜਾ ਪ੍ਰਸੰਨ ਹਾਂ ਮੈਂ ਦੇਖਕੇ ਸਾਹਮੇ ਨਜ਼ਾਰੇ ਨੂੰ,
ਗਿੱਦੜ ਨੂੰ ਦੇਖਦਾ ਹਾਂ ਸ਼ੇਰ ਦੀ ਜਦ ਹਿੱਕ ਤੇ ਚੜ੍ਹਦੇ ।
ਮੈਂ ਏਸੇ ਲਈ ਹੀ ਆਪਣੇ ਆਪ ਨੂੰ ਸੱਦਿਆ ਹੈ ਗੁਰ-ਚੇਲਾ,
ਕਿ ਰਿਸ਼ਤਾ ਜੱਗ ਤੋਂ ਮਾਲਕ ਤੇ ਸੇਵਾਦਾਰ ਦਾ ਮੁਕ ਜਾਵੇ ।
ਮੈਂ ਏਸੇ ਲਈ ਗੜ੍ਹੀ-ਦਮਕੌਰ ਦੇ ਵਿਚ ਜੰਗ ਲੜਿਆ ਸੀ,
ਕਿ ਕਚੇ ਕੋਠੜੇ ਮੂਹਰੇ ਮਹਿਲ ਮੀਨਾਰ ਝੁਕ ਜਾਏ ।
ਤੇ ਜੇਕਰ ਤੁਸੀਂ ਮੈਨੂੰ ਆਪਣਾ ਸਰਦਾਰ ਮੰਨਿਆ ਸੀ,
ਤਾਂ ਮੈਂ ਫਿਰ ਮੁੱਲ ਵੀ ਸਰਦਾਰੀਆਂ ਦਾ ਤਾਰ ਚਲਿਆਂ ਹਾਂ ।
ਮੈਂ ਦੇਵਣ ਲਈ ਉਦਾਹਰਨ ਜੱਗ ਦੇ ਕੌਮੀ ਨੇਤਾਵਾਂ ਨੂੰ,
ਲੋਕਾਂ ਤੋਂ ਵਾਰ ਪਹਿਲਾਂ ਅਪਣਾ ਪ੍ਰੀਵਾਰ ਚਲਿਆ ਹਾਂ ।
ਮੇਰਾ ਮਕਸਦ ਤਾਂ ਸ਼ਖ਼ਸੀ-ਪੂਜਣਾ ਦੇ ਉਲਟ ਲੜਨਾ ਸੀ,
ਤੇ ਮਕਸਦ ਹੋਰ ਸੀ ਮੇਰਾ ਕਦੇ ਚੰਡੀ—ਰੀਝਾਵਣ ਦਾ ।
ਕਦੇ ਤਰ ਤਰ ਕੇ ਮਕਸਦ ਆਪਣਾ ਪਾਇਆ ਨਹੀਂ ਜਾਂਦਾ,
ਤੇ ਮਕਸਦ ਹੋਰ ਹੀ ਸੀ ਪੀਰ ਤਾਂ ਉੱਚ ਦਾ ਕਹਾਵਣ ਦਾ ।
ਮੈਂ ਆਪਣੇ ਪੁੱਤ ਨੂੰ ਪਾਣੀ ਦੀ ਨਾ ਸੀ ਬੂੰਦ ਵੀ ਦਿਤੀ,
ਮਕਸਦ ਹੋਰ ਸੀ ਘਨੱਈਏ ਦੇ ਪਾਣੀ ਪਿਲਾਵਣ ਦਾ ।
ਲਹਿਰਾ ਹੋਰ ਹੁੰਦਾ ਏ ਨਿਰੇ ਮਿਸ਼ਰੀ ਦੇ ਪਾਣੀ ਵਿਚ,
ਤੇ ਮਕਸਦ ਹੋਰ ਹੁੰਦਾ ਸੀ ਮੇਰੇ ਅੰਮ੍ਰਿਤ ਛਕਾਵਣ ਦਾ ।
ਰੰਘਰੇਟੇ ਆਖ ਕੇ ਕਿਰਤੀ ਦਾ ਮੈਂ ਸਤਿਕਾਰ ਕਰਦਾ ਹਾਂ,
ਇਹਨਾਂ ਨੇ ਦਰਸ਼ ਅੰਤਮ ਬਾਪ ਦਾ ਮੈਨੂੰ ਕਰਾਇਆ ਸੀ ।
ਮੈਂ ਨਾਈਆਂ, ਛੀਂਬਿਆਂ, ਝਿਉਰਾਂ ਤੋਂ ਜ਼ੁਲਮੀ ਫੱਟ ਲਾਹੁਣੀ ਸੀ,
ਮੈਂ ਸਾਝਾ ਪੰਥ ਸਾਜਣ ਦਾ ਤਾਹੀਉਂ ਕੌਤਕ ਰਚਾਇਆ ਸੀ ।
ਜੇ ਮੈਨੂੰ ਪਿਆਰ ਕਰਨਾ ਏ ਮੇਰੇ ਲੋਕਾਂ ਦਾ ਦਿਲ ਫੋਲੋ !
ਮੇਰਾ ਏਕੇ ਦਾ ਸੁਪਨਾ ਵੀ ਤਾਂ ਫਿਰ ਸਾਕਾਰ ਹੋ ਜਾਏ ।
ਮੈਂ ਜਿਸ ਦੇ ਨਾਲ ਲਿਖਿਆ ਏ, ਖ਼ੂਨੀ ਇਤਿਹਾਸ ਦਾ ਵਰਕਾ ।
ਮੇਰੀ ਕਲਮ ਮੇਰੀ ਕਵਿਤਾ ਦਾ ਬੇੜਾ ਪਾਰ ਹੋ ਜਾਏ ।

o o

## ਵਿ ਅੰ ਗ :

—ਹਰਬੰਸ ਸਿੰਘ

(1) ਬਾਰੂਦ
ਗੱਲ
ਰੋਟੀ ਦੀ ਹੋਵੇ,
ਜਾਂ ਹੱਕਾਂ ਦੀ
ਸ਼ਾਂਤ ਕਰਨ ਲਈ
ਬਾਰੂਦ ਕਾਫ਼ੀ ਹੈ ।

(2) (ਸਾਗਵਾਨ ਦੇ ਪੱਤੇ
ਐ
ਤਨੋਂ ਨੰਗੇ ਫਿਰਦੇ ਮਨੁੱਖ
ਹੁਣ ਤਾਂ ਪਤਝੜ ਨਹੀਂ,
ਸਾਗਵਾਨ ਦੇ ਕੁਝ ਪੱਤੇ,
ਤਨ ਢੱਕਣ ਲਈ—
ਕਾਫ਼ੀ ਨੇ ।

(3) (ਓਵਰਟਾਈਮ)
ਐ,
ਮਿੱਲ-ਮਜ਼ਦੂਰ, ਤਾਂ ਕੀ ਹੋਇਆ
ਜੇ ਓਵਰਟਾਈਮ
ਦੇ ਪੈਸੇ—ਨਹੀਂ ਮਿਲ ਰਹੇ—
ਘਰ ਵੀ ਤਾਂ ਤੂੰ ਵਿਹਲਾ ਹੀ—
ਬਹਿਣਾ ਸੀ ।
ਰਹਿਣ ਦੇ—
ਆਪਣੇ ਬੱਚਤ-ਫੰਡ ਨੂੰ,
ਕਾਰਖਾਨੇਦਾਰ ਦੀ—
ਜੇਬ ਵਿਚ ਹੀ—
ਕਿਉਂ ਕਿ ਉਹ—
ਦੇਸ਼ ਪ੍ਰਤੀ ਇਮਾਨਦਾਰ ਹੈ ।

(4) (ਦਿਹਾੜੀਦਾਰ)
ਐ
ਦਿਹਾੜੀਦਾਰ,
ਸ਼ੁਕਰ ਕਰ !
ਮੈਂ ਤੈਨੂੰ ਬਚਾ ਲਿਆ
ਕੰਮ ਦੇ ਕੇ,
ਕਿਉਂ ਕਿ
ਕਹਿੰਦੇ ਨੇ,
ਵਿਹਲਾ ਮਨ
ਸ਼ੈਤਾਨ ਦਾ ਘਰ ਹੁੰਦਾ ਹੈ ।

o o

# ਸ਼ਹੀਦ ਤੇ ਸਤਲੁਜ

'ਸਤਲੁਜ ਦੇ ਪਾਣੀ' ਦੀਆਂ ਲਾਲ ਲਹਿਰਾਂ
ਲਾਲੀ ਦੀ ਕੀਮਤ ਜਾਣਦੀਆਂ ਹਨ
ਨਕਲੀ ਲਾਲੀ ਨੂੰ ਵੀ ਖ਼ੂਬ ਪਹਿਚਾਣਦੀਆਂ ਹਨ

ਰਾਤ ਪੂਰਨਮਾਸ਼ੀ ਦੀ ਆਵੇ
ਤਾਂ ਖੀਵੀਆਂ ਲਹਿਰਾਂ ਟੱਪ ਟੱਪ ਕੇ
ਚੰਨ ਦਾ ਮੂੰਹ ਚੁੰਮਣ ਜਾਂਦੀਆਂ ਨੇ
ਪਰ ਉਨ੍ਹਾਂ ਲਹਿਰਾਂ ਦੀ ਤੂਫ਼ਾਨ ਤੋਂ ਪਹਿਲੀ ਘੂਕ ਚੁੱਪ
ਹਨੇਰਿਆਂ ਦਾ ਦਿਲ ਕੰਬਾਉਣ ਲਈ ਕਾਫ਼ੀ ਹੁੰਦੀ ਹੈ

'ਸਤਲੁਜ ਦੇ ਪਾਣੀ' ਦੀਆਂ ਲਾਲ ਲਹਿਰਾਂ ਜਾਣਦੀਆਂ ਹਨ
ਉਨ੍ਹਾਂ ਕਿਨਾਰੇ ਹੋਇਆ 'ਪੁਲਸ ਮੁਕਾਬਲਾ' ਜੇ ਅਸਲੀ ਹੁੰਦਾ
ਝੌਂਪੜੀਆਂ 'ਚ ਕੋਈ ਟਾਵਾਂ ਟਾਵਾਂ ਵੈਣ ਨਹੀਂ ਸੀ ਪੈਣਾ
ਸ਼ੀਸ਼-ਮਹਿਲਾਂ 'ਚੋਂ ਸੈਂਕੜੇ ਮਾਤਮੀ ਬੈਂਡ ਕੂਕਣੇ ਸਨ

ਪਾਣੀ ਦੀ ਇਕ-ਅੱਧ ਬੋਤਲ
ਕਿਸੇ 'ਨਿਰੀਖਣ- ਪ੍ਰਯੋਗਸ਼ਾਲਾ' 'ਚ ਲਿਜਾਕੇ
ਜਦ ਕੋਈ 'ਲਾਲ- ਕਿਟਾਣੂਆਂ' ਦੇ ਖ਼ਾਤਮੇ ਦਾ ਦਾਅਵਾ ਕਰਦਾ ਹੈ
ਕਬਰਾਂ 'ਚੋਂ ਉੱਠ ਆਏ ਸ਼ੇਖਚਿਲੀ ਦਾ ਝੌਲਾ ਪੈਂਦਾ ਹੈ
ਕਾਂ ਦੇ ਚੁੰਝ ਭਰਨ ਨਾਲ
ਨਦੀ ਦਾ ਨੀਰ ਕਿੰਨਾ ਕੁ ਘਟ ਸਕਦੈ ਭਲਾ!

ਲਹਿਰਾਂ ਦੇ ਬੇਰੋਕ ਹੜ੍ਹ ਨੂੰ ਬੰਨ੍ਹ ਮਾਰਨਾ
ਕਿਸੇ ਦੇ ਵੱਸ ਦੀ ਗੱਲ ਨਹੀਂ
ਪਾਣੀ ਨਿਵਾਣਾਂ ਵੱਲ ਨੂੰ ਵਹਿ ਹੀ ਤੁਰਦਾ ਹੈ

( ਸੁਰਿੰਦਰ ਧੰਜਲ )





ਸ਼ਹੀਦ ਸਰਦਾਰ ਭਗਤ ਸਿੰਘ

# ਅਸੈਂਬਲੀ ਬੰਬ ਕੇਸ ਵਿਚ ਦਿੱਤੇ ਗਏ ਬਿਆਨ

## (ਭਗਤ ਸਿੰਘ ਤੇ ਬੱਟ ਕੇਸ਼ਵਰ ਦੱਤ)

ਮਹਾਨ ਇਨਕਲਾਬੀ ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਬੱਟ ਕੇਸ਼ਵਰ ਦੱਤ ਦਾ ਬਿਆਨ ਇਸ ਗੱਲ ਦਾ ਸਬੂਤ ਹੈ ਕਿ ਭਗਤ ਸਿੰਘ ਮਹਾਨ ਮਾਰਕਸ ਅਤੇ ਲੈਨਿਨ ਤੋਂ ਨਾ ਵਾਕਿਫ ਨਹੀਂ ਸੀ। ਉਸ ਨੂੰ ਪੱਕਾ ਯਕੀਨ ਸੀ ਕਿ ਜਦੋਂ ਤੱਕ ਸਮਾਜ ਦਾ ਬੁਨਿਆਦੀ ਢਾਂਚਾ ਨਹੀਂ ਬਦਲਦਾ ਉਦੋਂ ਤੱਕ ਹਿੰਦੁਸਤਾਨ ਵਿਚ ਸ਼ਾਂਤੀ ਨਾਂ ਦੀ ਕੋਈ ਗੱਲ ਨਹੀਂ ਕੀਤੀ ਜਾ ਸਕਦੀ। ਸਾਡਾ ਮਨੋਰਥ ਇਹ "ਬਿਆਨ" ਦੇ ਕੇ ਇਸ ਗੱਲ ਨੂੰ ਸਾਹਮਣੇ ਲਿਆਉਣਾ ਹੈ ਕਿ ਭਗਤ ਸਿੰਘ ਆਪਣੇ ਆਸ਼ਿਆਂ ਅਤੇ ਮਨੋਰਥਾਂ ਤੋਂ ਪੂਰੀ ਤਰ੍ਹਾਂ ਸੁਚੇਤ ਸੀ। ਅੱਜ ਕੱਲ ਸੌੜਾ-ਪ੍ਰਸਤ ਸਿਆਸਤਦਾਨ ਅਤੇ ਧਾਰਮਿਕ ਹਲਕੇ ਉਹਦੀ ਬਰਸੀ ਮਨਾਉਣ ਦੇ ਢਕੌਂਚ ਹੇਠ ਉਹਨੂੰ ਆਪੋ ਆਪਣੇ ਰੰਗ ਵਿਚ ਪੇਸ਼ ਕਰਨ ਦਾ ਯਤਨ ਕਰ ਰਹੇ ਹਨ। (ਸੰਪਾਦਕ)

ਸਾਡੇ ਤੇ ਕੁਝ ਸੰਗੀਨ ਇਲਜ਼ਾਮ ਲਗਾਏ ਗਏ ਹਨ। ਅਤੇ ਇਸ ਮੌਕੇ ਤੇ ਇਹੀ ਠੀਕ ਹੈ ਕਿ ਅਸੀਂ ਆਪਣਾ ਰਵਈਆ ਸਪਸ਼ਟ ਕਰੀਏ।

ਇਸ ਮਾਮਲੇ ਵਿਚ ਹੇਠਲੇ ਸਵਾਲ ਉਠਦੇ ਹਨ :—

1. ਕੀ ਭਵਨ ਦੇ ਅੰਦਰ ਬੰਬ ਸੁਟੇ ਗਏ, ਜੇ ਸੁਟੇ ਗਏ ਤਾਂ ਕਿਉਂ ?

2. ਕੀ ਹੇਠਲੀ ਅਦਾਲਤ ਰਾਹੀਂ ਲਾਏ ਗਏ ਇਲਜ਼ਾਮ ਠੀਕ ਹਨ ਜਾਂ ਨਹੀਂ।

ਪਹਿਲੇ ਸਵਾਲ ਦੇ ਪਹਿਲੇ ਅੱਧ ਦਾ ਜਵਾਬ ਅਸੀਂ ਹਾਂ ਵਿਚ ਦਿੰਦੇ ਹਾਂ। ਪਰ ਕਿਉਂਕਿ ਕੁਝ ਅਖੌਤੀ 'ਮੌਕੇ ਦੇ' ਗਵਾਹਾਂ ਨੇ ਝੂਠੀਆਂ ਗਵਾਹੀਆਂ ਦਿਤੀਆਂ ਹਨ, ਤੇ ਕਿਉਂਕਿ ਉਸ ਹੱਦ ਤਕ ਅਸੀਂ ਆਪਣੇ ਕੰਮ ਤੋਂ ਇਨਕਾਰ ਵੀ ਨਹੀਂ ਕਰਦੇ, ਇਸ ਲਈ ਸਾਡੇ ਉਨ੍ਹਾਂ ਬਾਰੇ ਬਿਆਨ ਦਾ ਉਸ ਗਹੁ ਨਾਲ ਹੀ ਨਿਰਣਾ ਕੀਤਾ ਜਾਵੇ ਜਿਸਦੇ ਕਿ ਉਹ ਯੋਗ ਹੈ। ਮਿਸਾਲ ਦੇ ਤੌਰ ਤੇ ਅਸੀਂ ਦਸ ਸਕੀਏ ਕਿ ਸਾਰਜੰਟ ਟੈਰੀ ਦੀ ਇਹ ਗਵਾਹੀ ਕਿ ਉਸ ਨੇ ਸਾਡੇ ਵਿਚੋਂ ਇਕ ਕੋਲੋਂ ਪਸਤੌਲ ਬਰਾਮਦ ਕੀਤਾ ਸੀ, ਇਕ ਗਿਣਿਆ ਮਿਥਿਆ ਝੂਠ ਹੈ। ਕਿਉਂਕਿ ਜਦੋਂ ਅਸੀਂ ਆਪਣੇ ਆਪ ਨੂੰ ਪੇਸ਼ ਕੀਤਾ ਤਾਂ ਸਾਡੇ ਵਿਚੋਂ ਕਿਸੇ ਕੋਲ ਵੀ ਪਸਤੌਲ ਨਹੀਂ ਸੀ। ਦੂਸਰੇ ਗੁਆਹ ਵੀ ਜਿਨ੍ਹਾਂ ਨੇ ਇਹ ਬਿਆਨ ਦਿੱਤਾ ਹੈ ਕਿ ਉਨ੍ਹਾਂ ਨੇ ਸਾਨੂੰ ਬੰਬ ਸੁਟਦੇ ਦੇਖਿਆ ਹੈ, ਝੂਠ ਬੋਲਣ ਤੋਂ ਝਿਜਕੇ ਨਹੀਂ। ਇਹ ਤੱਥ ਉਨ੍ਹਾਂ ਲਈ ਇਕ ਸਬਕ ਹੈ ਜਿਨ੍ਹਾਂ ਦਾ ਉਦੇਸ਼ ਅਦਾਲਤੀ ਨਿਆਂ ਤੇ ਇਨਸਾਫ਼ ਹੈ।

ਨਾਲ ਹੀ ਅਸੀਂ ਇਹ ਸਵੀਕਾਰ ਕਰਦੇ ਹਾਂ ਕਿ ਹੁਣ ਤਕ ਸਰਕਾਰੀ ਵਕੀਲ ਅਤੇ ਅਦਾਲਤ ਦਾ ਅਮਲ ਸਾਫ਼ ਰਿਹਾ ਹੈ।

### ਵਾਇਸਰਾਏ ਦੇ ਵਿਚਾਰਾਂ ਦੀ ਪਰੋੜਤਾ

ਪਹਿਲੇ ਸਵਾਲ ਦੇ ਅਗਲੇ ਅੱਧ ਦੇ ਜਵਾਬ ਵਿਚ, ਇਹ ਜ਼ਰੂਰੀ ਹੈ ਕਿ ਅਸੀਂ ਹੋਰ ਵਿਸਥਾਰ ਵਿਚ ਜਾਈਏ ਤਾਂ ਕਿ ਆਪਣੇ ਮੰਤਵ ਦੀ ਤੇ ਉਨ੍ਹਾਂ ਹਾਲਤਾਂ ਦੀ, ਸਹੀ ਤੇ ਪੂਰੀ ਵਿਆਖਿਆ ਕਰ ਸਕੀਏ ਜਿਸ ਕਰਕੇ ਉਹ ਘਟਨਾ ਵਾਪਰੀ ਜਿਹੜੀ ਕਿ ਹੁਣ ਇਕ ਇਤਿਹਾਸਕ ਘਟਨਾ ਬਣ ਚੁਕੀ ਹੈ। ਜੇਲ੍ਹ ਵਿਚ ਸਾਨੂੰ ਮਿਲਣ ਵਾਲੇ ਕੁਝ ਪੁਲੀਸ ਅਧਿਕਾਰੀਆਂ ਨੇ ਦਸਿਆ ਕਿ ਦੋਹਾਂ ਸਦਨਾਂ ਦੇ ਸਾਂਝੇ ਇਜਲਾਸ ਵਿਚ ਭਾਸ਼ਨ ਕਰਦੇ ਲਾਰਡ ਇਰਵਨ ਨੇ ਕਿਹਾ ਹੈ ਕਿ ਇਹ ਹਮਲਾ ਕਿਸੇ ਵਿਅਕਤੀ ਦੇ ਵਿਰੁਧ ਨਹੀਂ ਹੈ ਸਗੋਂ ਸੰਸਥਾ (ਪ੍ਰਣਾਲੀ) ਦੇ ਵਿਰੁਧ ਹੈ। ਅਸੀਂ ਝੱਟ ਸਵੀਕਾਰ ਕਰ ਲਿਆ ਕਿ ਘਟਨਾ ਦੇ ਅਸਲੀ ਮਹੱਤਵ ਦਾ ਠੀਕ ਨਿਰਣਾ ਕੀਤਾ ਗਿਆ ਹੈ।

ਮਨੁਖਤਾ ਨੂੰ ਪਿਆਰ ਕਰਨ ਵਿਚ ਅਸੀਂ ਕਿਸੇ ਤੋਂ ਪਿਛੇ ਨਹੀਂ ਹਾਂ। ਕਿਸੇ ਇਕ ਵਿਅਕਤੀ ਦੇ ਵਿਰੁਧ ਰੋਸ ਰਖਣ ਦਾ ਤਾਂ ਸਵਾਲ ਹੀ ਨਹੀਂ, ਸਗੋਂ ਅਸੀਂ ਮਨੁਖੀ ਜੀਵਨ ਏਨਾ ਪਵਿਤਰ ਮੰਨਦੇ ਹਾਂ ਕਿ ਸ਼ਬਦਾਂ ਰਾਹੀਂ ਦਸਿਆ ਨਹੀਂ ਜਾ ਸਕਦਾ।

ਨਾ ਤਾਂ ਅਸੀਂ ਕਾਇਰਤਾ ਭਰੇ ਦੰਗੇ ਕਰਨ ਵਾਲੇ ਅਪਰਾਧੀ ਹਾਂ ਤੇ ਨਾ ਹੀ ਆਪਣੇ ਦੇਸ਼ ਲਈ ਅਪਮਾਨ ਦੀ ਗਲ ਹਾਂ, ਜਿਵੇਂ ਕਿ ਆਪਣੇ ਆਪ ਨੂੰ ਸਮਾਜਵਾਦੀ ਕਹਿਣ ਵਾਲੇ ਚਮਨ ਲਾਲ ਨੇ ਸਾਡੇ ਬਾਰੇ ਕਿਹਾ ਹੈ, ਤੇ ਅਸੀਂ ਸਿਰ ਫਿਰੇ ਵੀ ਨਹੀਂ ਹਾਂ, ਜਿਵੇਂ ਕਿ ਲਾਹੌਰ ਦਾ ਟਰੀਬਿਊਨ ਅਖਬਾਰ ਤੇ ਕੁਝ ਹੋਰ ਲੋਕ ਸਾਡੇ ਬਾਰੇ ਵਿਸ਼ਵਾਸ ਕਰਦੇ ਹਨ।

### ਅਮਲੀ ਰੋਸ

ਸਾਡਾ ਨਿਮਾਣਾ ਜਿਹਾ ਦਾਹਵਾ ਸਿਰਫ ਇਹ ਹੈ ਕਿ ਅਸੀਂ ਦੇਸ਼ ਦੇ ਇਤਿਹਾਸ, ਇਸਦੀਆਂ ਹਾਲਤਾਂ ਤੇ ਆਦਰਸ਼ਾਂ ਦੇ ਗੰਭੀਰ, ਮਿਹਨਤੀ ਤੇ ਇਮਾਨਦਾਰ ਵਿਦਿਆਰਥੀ ਹਾਂ ਤੇ ਵਿਖਾਵੇ ਤੋਂ ਸਾਨੂੰ ਨਫ਼ਰਤ ਹੈ, ਸਾਡਾ ਰੋਸ ਉਸ ਅਦਾਰੇ ਦੇ ਖਿਲਾਫ਼ ਹੈ ਜਿਸ ਨੇ ਨਾ ਸਿਰਫ ਖੁਦ ਤੋਂ ਹੀ ਆਪਣੇ ਘਟੀਆ ਹੋਣ ਦਾ ਸਾਫ਼ ਸਬੂਤ ਦਿੱਤਾ ਹੈ, ਸਗੋਂ ਜਿਸਦੀ ਸ਼ੈਤਾਨੀ ਦੀ ਤਾਕਤ ਵੀ ਬੇ-ਹੱਦ ਹੈ। ਜਿੰਨਾਂ ਵੱਧ ਅਸੀਂ ਸੋਚਿਆ ਹੈ, ਉਨੀਂ ਹੀ ਗਹਿਰਾਈ ਨਾਲ ਅਸੀਂ ਮਹਿਸੂਸ ਕੀਤਾ ਹੈ, ਕਿ ਇਸ ਦਾ (ਅਦਾਰੇ ਦਾ) ਕੰਮ ਸਿਰਫ਼ ਸੰਸਾਰ ਸਾਹਮਣੇ ਭਾਰਤ ਦੀ ਬੇ-ਵਸੀ ਤੇ ਅਧੀਨਤਾ ਦਾ ਜਲੂਸ ਕਢਣਾ ਹੈ, ਅਤੇ ਇਹ ਇਕ ਗੈਰ ਜਿਮੇਂਵਾਰ ਤਾਨਾਸ਼ਾਹ ਹਕੂਮਤ ਦੀ ਅਤਿਆਚਾਰੀ ਤਾਕਤ ਦਾ ਚਿਨ੍ਹ ਹੈ। ਵਾਰ ਵਾਰ ਲੋਕਾਂ ਦੇ ਨੁਮਾਇੰਦਿਆਂ ਨੇ **ਸਾਡੀ ਕੌਮੀ ਮੰਗ** ਤੇ ਜੋਰ ਦਿੱਤਾ ਹੈ ਪਰ ਰੱਦੀ ਦੀ ਟੋਕਰੀ ਦੇ ਸਿਵਾ ਇਸ ਮੰਗ ਨੂੰ ਹੋਰ ਕੋਈ ਟਿਕਾਣਾ ਨਹੀਂ ਮਿਲਿਆ।

### ਇਹ ਹਮਲਾ ਸੰਸਥਾ ਤੇ ਹੈ

ਅਖੌਤੀ ਭਾਰਤੀ ਪਾਰਲੀਮੈਂਟ ਦੇ ਵਿਚ ਹੀ ਸਦਨ ਦੇ ਵਿਧੀ ਪੂਰਵਕ ਪਾਸ ਕੀਤੇ ਗਏ ਮਤਿਆਂ ਨੂੰ ਨਫ਼ਰਤ ਨਾਲ ਪੈਰਾਂ ਹੇਠ ਕੁਚਲ ਦਿਤਾ ਗਿਆ ਹੈ। ਦਬਾਓ ਅਤੇ ਅਤਿਆਚਾਰੀ ਕਾਨੂੰਨਾਂ ਨੂੰ ਹਟਾਉਣ ਲਈ ਪੇਸ਼ ਕੀਤੇ ਪ੍ਰਸਤਾਵਾਂ ਨਾਲ ਬੜਾ ਘਿਰਣਾ ਭਰਿਆ ਵਤੀਰਾ ਕੀਤਾ ਗਿਆ ਹੈ। ਤੇ ਜਿਨ੍ਹਾਂ ਬਿਲਾਂ ਅਤੇ ਤਜਵੀਜ਼ਾਂ ਨੂੰ ਵਿਧਾਨ

ਸਭਾ ਦੇ ਚੁਣੇ ਹੋਏ ਨੁਮਾਇੰਦਿਆਂ ਨੇ ਅਸਹਿ ਸਮਝਕੇ ਨਾ-ਮਨਜੂਰ ਕੀਤਾ ਉਨ੍ਹਾਂ ਨੂੰ ਕਲਮ ਦੇ ਇਕ ਝਟਕੇ ਨਾਲ ਫਿਰ ਲਾਗੂ ਕਰ ਦਿੱਤਾ ਗਿਆ। ਮੁਕਦੀ ਗੱਲ ਇਹ ਹੈ ਕਿ ਸਾਨੂੰ ਇਸ ਅਦਾਰੇ ਦੀ ਹੋਂਦ ਦੇ ਹੱਕ ਵਿਚ ਕੋਈ ਯੋਗ ਕਾਰਣ ਨਹੀਂ ਲਭਿਆ।

ਇਸ ਅਦਾਰੇ ਦੀ, ਮਿਹਨਤ ਕਰਦੇ ਹੋਏ ਚੂਰ ਭਾਰਤੀ ਲੋਕਾਂ ਦੇ ਖੂਨ ਪਸੀਨੇ ਦੀ ਕਮਾਈ ਨਾਲ ਪਾਲੀ ਤੇ ਬਣਾਈ ਸ਼ਾਨੋ ਸ਼ੌਕਤ ਤੇ ਚਮਕ ਦਮਕ, ਸਿਰਫ ਇਕ ਥੋਥਾ ਵਿਖਾਵਾ ਹੀ ਨਹੀਂ ਸਗੋਂ ਸ਼ਰਾਰਤ ਭਰਿਆ ਢੌਂਗ ਹੈ। ਏਸੇ ਤਰ੍ਹਾਂ ਅਸੀਂ ਉਨ੍ਹਾਂ ਲੋਕ ਨੇਤਾਵਾਂ ਦੀ ਮਾਨਸਕ ਹਾਲਤ ਨੂੰ ਵੀ ਨਹੀਂ ਸਮਝ ਸਕੇ, ਜਿਹੜੇ ਇਸ ਸ਼ਾਨ ਨਾਲ ਵਿਖਾਈ ਜਾ ਰਹੀ ਭਾਰਤ ਦੀ ਬੇਵਸੀ ਦੀ ਨੁਮਾਇਸ਼ ਲਈ ਜਨਤਾ ਦਾ ਸਮਾਂ ਅਤੇ ਧਨ ਬਰਬਾਦ ਕਰਨ ਵਿਚ ਸਰਕਾਰ ਦੀ ਮਦਦ ਕਰ ਰਹੇ ਹਨ।

## ਮਜ਼ਦੂਰਾਂ ਲਈ ਕੋਈ ਆਸ ਨਹੀਂ

ਅਸੀਂ ਇਸ ਸਭ ਉਤੇ ਅਤੇ ਭਾਰਤੀ ਮਜ਼ਦੂਰ ਨੇਤਾਵਾਂ ਦੀਆਂ ਵਡੇ ਪੱਧਰ ਤੇ ਗ੍ਰਿਫਤਾਰੀਆਂ ਬਾਰੇ ਮੁੜ ਮੁੜ ਵਿਚਾਰ ਕਰਦੇ ਰਹੇ ਹਾਂ। ਟਰੇਡ ਡਿਸਪਿਊਟਸ ਬਿਲ ਪੇਸ਼ ਹੋਣ ਤੇ, ਅਸੀਂ ਇਸ ਦੀ ਕਾਰਵਾਈ ਦੇਖਣ ਲਈ ਅਸੈਂਬਲੀ ਵਿਚ ਆਏ ਤਾਂ ਬਹਿਸ ਨੂੰ ਸੁਣਕੇ ਸਾਡਾ ਵਿਸ਼ਵਾਸ ਹੋਰ ਵੀ ਪੱਕਾ ਹੋ ਗਿਆ ਕਿ ਭਾਰਤ ਦੇ ਕਰੋੜਾਂ ਕਿਰਤੀ ਲੋਕਾਂ ਨੂੰ ਇਸ ਸੰਸਥਾ ਤੋਂ ਕੋਈ ਆਸ ਨਹੀਂ ਰਖਣੀ ਚਾਹੀਦੀ, ਜੋ ਕਿ ਲੁਟੇਰਿਆਂ ਦੀ ਗਲ ਘੁੱਟੂ ਤਾਕਤ ਅਤੇ ਬੇਵਸ ਮਜ਼ਦੂਰਾਂ ਦੀ ਗੁਲਾਮੀ ਦਾ ਭਿਆਨਕ ਪ੍ਰਤੀਕ ਹੈ।

ਅੰਤ ਵਿਚ ਸਾਰੇ ਦੇਸ਼ ਦੇ ਲਗਨ ਵਾਲੇ ਨੁਮਾਇੰਦਿਆਂ ਦੀ ਬੇਇਜ਼ਤੀ ਕੀਤੀ ਗਈ ਹੈ ਜਿਸ ਨੂੰ ਅਸੀਂ ਵਹਿਸ਼ੀ ਤੇ ਗੈਰ ਇਨਸਾਨੀ ਸਮਝਦੇ ਹਾਂ, ਸੰਘਰਸ਼ ਕਰਦੇ ਤੇ ਭੁਖ ਨਾਲ ਮਰਦੇ ਕਰੋੜਾਂ ਲੋਕਾਂ ਦਾ ਬੁਨਿਆਦੀ ਅਧਿਕਾਰ ਖੋਹ ਲਿਆ ਗਿਆ ਹੈ ਅਤੇ ਉਨ੍ਹਾਂ ਦੀ ਆਰਥਿਕ ਲੜਾਈ ਦਾ ਕੱਲੋ ਕੱਲਾ ਰਾਹ ਵੀ ਬੰਦ ਕਰ ਦਿੱਤਾ ਗਿਆ ਹੈ। ਜਿਸ ਕਿਸੇ ਦੇ ਵੀ ਮਨ ਵਿਚ ਦੁਖ ਦੀ ਅਗ ਦੇ ਭਾਂਬੜ ਮਚਦੇ ਹੋਣ ਜਿਸ ਕਿਸੇ ਨੂੰ ਅਸਾਂ ਵਾਂਗੂੰ, ਡੰਗਰਾਂ ਵਾਂਗ ਹੱਕੇ ਜਾ ਰਹੇ, ਹਡ ਤੋੜਵੀਂ ਮਿਹਨਤ ਕਰਦੇ ਭਾਰਤੀ ਮਜਦੂਰਾਂ ਦੀ ਮਜਬੂਰੀ, ਭੁਖ, ਦੁਖ ਤੇ ਮਾੜੇ ਹਾਲ ਦਾ ਅਹਿਸਾਸ ਹੁੰਦਾ ਹੈ ਦਿਲ ਨੂੰ ਘੁਟ ਕੇ ਉਸ ਲਈ ਧੀਰਜ ਨਾਨ ਇਹ ਨਜ਼ਾਰਾ ਦੇਖਣਾ ਸੰਭਵ ਨਹੀਂ। ਜਿਨ੍ਹਾਂ ਇਸ ਸਮਾਜ ਦੇ ਆਰਥਕ ਢਾਂਚੇ ਦੇ ਨਿਰਮਾਣ ਲਈ ਖਾਮੋਸ਼ੀ ਨਾਲ ਆਪਣਾ ਲਹੂ ਪਾਇਆ ਹੈ, ਉਨ੍ਹਾਂ ਦਾ ਮੰਦਾ ਹਾਲ ਤੇ ਬੇਂਕੇ ਦਿਹਾੜੇ ਦੇਖ ਕੇ ਜ਼ਾਲਮ ਸਟ ਨਾਲ ਸਾਡੇ ਦਿਲਾਂ ਵਿਚੋਂ ਉਠਣ ਵਾਲੀ ਚੀਕ ਨੂੰ ਰੋਕ ਨਹੀਂ ਸਕਦਾ।

## ਬੰਬ ਦੀ ਜ਼ਰੂਰਤ

ਸੋ ਫਲ ਸਰੂਪ ਅਸੀਂ ਸਵਰਗੀ ਸੀ. ਆਰ. ਦਾਸ ਜਿਹੜੇ ਕਿ ਇਕ ਸਮੇਂ ਵਡੇ ਲਾਟ (ਗਵਰਨਰ ਜਨਰਲ) ਦੀ ਕਾਰਜ-ਕਰਨੀ ਕੌਂਸਲ ਦੇ ਕਾਨੂੰਨੀ ਮੈਂਬਰ ਸਨ, ਦੇ ਉਨ੍ਹਾਂ ਸ਼ਬਦਾਂ ਨੂੰ ਮਨ ਵਿਚ ਰਖਿਆ ਜਿਹੜੇ ਉਨ੍ਹਾਂ ਆਪਣੇ ਪੁਤਰ ਦੇ ਨਾਂ ਇਕ ਮਸ਼ਹੂਰ ਖਤ ਵਿਚ ਲਿਖੇ ਸਨ। ਜਿਨ੍ਹਾਂ ਦਾ ਭਾਵ ਸੀ ਕਿ ਇੰਗਲੈਂਡ ਨੂੰ ਸੁਪਨਿਆਂ ਤੋਂ ਜਗਾਉਣ ਲਈ ਇਕ ਬੰਬ ਦੀ ਲੋੜ ਹੈ। ਉਨ੍ਹਾਂ ਲੋਕਾਂ, ਜਿਨ੍ਹਾਂ ਕੋਲ ਕਿ ਆਪਣੀ ਦਿਲ ਚੀਰਵੀਂ ਪੀੜ ਨੂੰ ਦਸਣ ਦਾ ਕੋਈ ਰਾਹ ਨਹੀਂ ਸੀ, ਵਲੋਂ ਰੋਸ ਪਰਗਟ ਕਰਨ ਲਈ, ਅਸਾਂ ਅਸੈਂਬਲੀ ਭਵਨ ਵਿਚ ਬੰਬ ਸੁਟੇ ਹਨ। ਸਾਡਾ ਉਦੇਸ਼ ਬੋਲਿਆਂ ਨੂੰ ਸੁਨਾਣਾ ਅਤੇ ਬੇਧਿਆਨਿਆਂ ਨੂੰ ਠੀਕ ਸਮੇਂ ਚਿਤਾਵਨੀ ਦੇਣਾ ਸੀ। ਬਾਕੀ ਸਾਰੇ ਭਾਰਤੀਆਂ ਨੇ ਵੀ ਸਾਡੇ ਵਾਂਗ ਬੇਚੈਨੀ ਨਾਲ ਇਸ ਨੂੰ ਮਹਿਸੂਸ ਕੀਤਾ ਹੈ। ਸੋ ਅਸਲ ਵਿਚ ਉਤੋਂ ਸ਼ਾਂਤ ਜਾਪਦੇ ਭਾਰਤੀ ਮਨੁਖਤਾ ਦੇ ਸਮੁੰਦਰ ਅੰਦਰ ਇਕ ਤੂਫਾਨ ਉਠਣ ਵਾਲਾ ਹੈ। ਅਗੇ ਆਉਣ ਵਾਲੇ ਭਿਆਨਕ ਖਤਰਿਆਂ ਦਾ ਅਹਿਸਾਸ ਕੀਤੇ ਬਗੈਰ ਜਿਹੜੇ ਲੋਕ ਅਗੇ ਨੂੰ ਦੌੜੇ ਜਾ ਰਹੇ ਹਨ, ਅਸੀਂ ਉਨ੍ਹਾਂ ਨੂੰ ਚੇਤਾਵਨੀ ਦੇਣ ਲਈ ਖਤਰੇ ਦੀ ਝੰਡੀ ਲਹਿਰਾਈ ਹੈ। ਅਸੀਂ ਤਾਂ ਸਿਰਫ ਕਲਪਨਾ ਲੋਕ ਵਿਚ ਵਸਦੀ ਅਹਿੰਸਾ ਦੇ ਦੌਰ ਦੇ ਅਤ ਦਾ ਐਲਾਨ ਕੀਤਾ ਹੈ। ਨਵੀਂ ਪੀੜ੍ਹੀ ਨੂੰ ਅਹਿੰਸਾ ਦੇ ਖੋਖਲੇ ਪਨ ਦਾ ਏਨਾਂ ਵਿਸ਼ਵਾਸ ਹੋ ਚੁੱਕਾ ਹੈ ਕਿ ਉਨ੍ਹਾਂ ਨੂੰ ਹੁਣ ਸ਼ਕ ਦੀ ਗੁੰਜਾਇਸ਼ ਹੀ ਨਹੀਂ ਹੈ।

## ਆਦਰਸ਼ ਦੀ ਵਿਆਖਿਆ

ਅਸੀਂ ਉਪਰਲੇ ਪਹਿਰੇ ਵਿਚ 'ਕਲਪਨਾ ਲੋਕ ਵਿਚ ਵਸਦੀ ਅਹਿੰਸਾ' ਦਾ ਸ਼ਬਦ ਵਰਤਿਆ ਹੈ ਜਿਸ ਲਈ ਕੁਝ ਵਿਆਖਿਆ ਦੀ ਜ਼ਰੂਰਤ ਹੈ। ਹਮਲੇ ਲਈ ਵਰਤੀ ਗਈ ਤਾਕਤ ਹਿੰਸਾ ਹੈ ਅਤੇ ਇਸੇ ਕਰਕੇ ਨੈਤਿਕ ਪਖੋਂ ਨਿੰਦਣ ਯੋਗ ਹੈ। ਪਰ ਜਦ ਇਕ ਉਚਿਤ ਆਦਰਸ਼ ਨੂੰ ਅਗੇ ਵਧਾਉਣ ਲਈ ਵਰਤਿਆ ਜਾਵੇ ਤਾਂ ਇਸ ਦਾ ਸਦਾਚਾਰਕ ਪੱਖ ਵੀ ਹੁੰਦਾ ਹੈ। ਹਰ ਹਾਲਤ ਵਿਚ ਹਿੰਸਾ ਨੂੰ ਤਿਆਗ ਦੇਣਾ ਸ਼ੇਖ਼ ਚਿਲੀ ਦੇ ਸੁਪਨੇ ਵਾਂਗ ਹੈ। ਦੇਸ਼ ਵਿਚ ਨਵੀਂ ਉਠੀ ਲਹਿਰ, ਜਿਸ ਦੇ ਉਭਾਰ ਦੀ ਅਸੀਂ ਚੇਤਾਵਨੀ ਦਿੱਤੀ ਹੈ, ਦੀ ਪਰੇਰਣਾ ਦਾ ਸੋਮਾ ਉਹ ਆਦਰਸ਼ ਹਨ, ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ, ਸ਼ਿਵਾ ਜੀ, ਕਮਾਲਪਾਸ਼ਾ, ਰਜ਼ਾ ਸ਼ਾਹ ਪਹਿਲਵੀ, ਵਾਸ਼ਿੰਗਟਨ, ਗੈਰੀਬਾਲਡੀ, ਲੇਫਤੇ ਤੇ ਲੈਨਿਨ ਦਾ ਰਾਹ ਰੁਸ਼ਨਾਇਆ ਹੈ। ਕਿਉਂਕਿ ਇੰਜ ਜਾਪਦਾ ਸੀ ਕਿ ਵਿਦੇਸ਼ੀ ਸਰਕਾਰ ਅਤੇ ਭਾਰਤੀ ਜਨ-ਨੇਤਾ ਦੋਵੇਂ ਹੀ ਇਸ ਨਵੀਂ ਲਹਿਰ ਵਲੋਂ ਅੱਖਾਂ ਮੀਟੀ ਬੈਠੇ ਹਨ, ਸੋ ਅਸੀਂ ਆਪਣਾ ਇਹ ਕਰਤਵ ਮਹਿਸੂਸ ਕੀਤਾ ਕਿ ਇਕ ਇਹੋ ਜਿਹੇ ਥਾਂ ਤੋਂ ਚਿਤਾਵਨੀ ਦਿੱਤੀ ਜਾਵੇ ਜਿਥੋਂ ਕਿ ਉਹ ਅਨਸੁਣੀ ਨਾ ਜਾ ਸਕੇ। ਹੁਣ ਤਕ ਤਾਂ ਅਸਾਂ ਵਿਚਾਰ ਅਧੀਨ ਘਟਨਾ ਦੇ ਉਦੇਸ਼ ਬਾਰੇ ਹੀ ਗਲ ਕੀਤੀ ਹੈ। ਅਤੇ ਹੁਣ ਆਪਣੇ ਇਰਾਦੇ ਦੀ ਹੱਦ ਬਾਰੇ ਵੀ ਕੁਝ ਕਹਿਣਾ ਜ਼ਰੂਰੀ ਹੈ।

## ਕੋਈ ਜਾਤੀ ਵੈਰ ਨਹੀਂ

ਜਿਨ੍ਹਾਂ ਨੂੰ ਥੋੜ੍ਹੀਆਂ ਬਹੁਤ ਸੱਟਾਂ ਲੱਗੀਆਂ ਵੀ ਹਨ, ਉਨ੍ਹਾਂ ਨਾਲ ਸਾਡਾ ਕੋਈ ਜਾਤੀ ਵੈਰ ਭਾਵ ਨਹੀਂ ਸੀ ਤੇ ਨਾ ਹੀ ਅਸੈਂਬਲੀ ਵਿਚ ਹਾਜ਼ਰ ਕਿਸੇ ਹੋਰ ਵਿਰੁਧ ਸਾਨੂੰ ਰੋਸ ਸੀ। ਇਹ ਦੁਬਾਰਾ ਕਹਿਣ ਦੀ ਕੋਈ ਲੋੜ ਨਹੀਂ ਹੈ। ਇਸ ਦੇ ਉਲਟ ਅਸੀਂ ਫਿਰ ਦੁਹਰਾਂਦੇ ਹਾਂ ਕਿ ਮਨੁੱਖੀ ਜੀਵਨ ਸਾਡੇ ਲਈ ਏਨਾ ਪਵਿੱਤਰ ਹੈ ਕਿ ਸ਼ਬਦਾਂ ਰਾਹੀਂ ਦਸਿਆ ਨਹੀਂ ਜਾ ਸਕਦਾ। ਸਗੋਂ ਕਿਸੇ ਹੋਰ ਨੂੰ ਜ਼ਖਮੀ ਕਰਨ ਦੀ ਬਜਾਏ, ਛੇਤੀ ਹੀ ਅਸੀਂ ਆਪਣੀਆਂ

ਜ਼ਿੰਦਗੀਆਂ ਮਨੁੱਖਤਾ ਲਈ ਕੁਰਬਾਨ ਕਰ ਦਿਆਂਗੇ । ਅਸੀਂ ਸਾਮਰਾਜੀ ਫੌਜਾਂ ਦੇ ਭਾੜੇ ਦੇ ਸਿਪਾਹੀਆਂ ਵਾਂਗ ਨਹੀਂ ਹਾਂ ਜਿਹਨਾਂ ਨੂੰ ਕਿ ਬਿਨਾਂ ਪਛਤਾਵੇ ਦੇ ਕਤਲ ਕਰਨ ਦੀ ਜਾਚ ਸਿਖਾਈ ਜਾਂਦੀ ਹੈ । ਅਸੀਂ ਮਨੁੱਖੀ ਜੀਵਨ ਦਾ ਸਤਿਕਾਰ ਕਰਦੇ ਹਾਂ । ਅਤੇ ਜਿਥੋਂ ਤਕ ਹੋ ਸਕੇ ਇਸ ਨੂੰ ਬਚਾਉਣ ਦਾ ਯਤਨ ਕਰਦੇ ਹਾਂ । ਫਿਰ ਵੀ ਅਸੀਂ ਪਰਵਾਨ ਕਰਦੇ ਹਾਂ ਕਿ ਅਸਾਂ ਸੋਚ ਸਮਝ ਕੇ ਅਸੈਂਬਲੀ ਭਵਨ ਵਿਚ ਬੰਬ ਸੁਟੇ । ਸੱਚ ਆਪਣੀ ਵਿਆਖਿਆ ਆਪ ਕਰਦਾ ਹੈ । ਕਲਪਨਾਤਮਕ ਹਾਲਾਤਾਂ ਅਤੇ ਪੂਰਵ-ਧਾਰਨਾਵਾਂ ਦਾ ਸਹਾਰਾ ਲਏ ਬਗੈਰ, ਸਿਰਫ ਸਾਡੇ ਕੰਮ ਦੇ ਨਤੀਜੇ ਤੋਂ ਹੀ ਕੰਮ ਦਾ ਨਿਰਣਾ ਕਰਨਾ ਚਾਹੀਦਾ ਹੈ ।

## ਕੋਈ ਅਜੂਬਾ ਨਹੀਂ

ਸਰਕਾਰੀ ਗਵਾਹੀ ਦੇ ਬਾਵਜੂਦ ਅਸੈਂਬਲੀ ਵਿਚ ਸੁਟੇ ਬੰਬਾਂ ਨਾਲ ਸਿਰਫ ਇਕ ਸਰਕਾਰੀ ਬੈਂਚ ਦਾ ਥੋੜ੍ਹਾ ਜਿਹਾ ਨੁਕਸਾਨ ਹੋਇਆ ਹੈ ਅਤੇ ਅੱਧੀ ਦਰਜਨ ਤੋਂ ਵੀ ਘੱਟ ਲੋਕਾਂ ਨੂੰ ਥੋੜ੍ਹੀਆਂ ਬਹੁਤ ਝਰੀਟਾਂ ਆਈਆਂ ਹਨ । ਜਦ ਕਿ ਸਰਕਾਰੀ ਸਾਇੰਸਦਾਨਾਂ ਤੇ ਮਾਹਰਾਂ ਨੇ ਇਸ ਨਤੀਜੇ ਨੂੰ ਇਕ ਅਜੂਬੇ ਦਾ ਨਾਂ ਦਿੱਤਾ ਹੈ, ਪਰ ਸਾਡੇ ਲਈ ਤਾਂ ਇਹ ਸਿਧਾ ਜਿਹਾ ਵਿਗਿਆਨਕ ਨਤੀਜਾ ਹੈ । ਪਹਿਲੀ ਗੱਲ ਤਾਂ ਇਹ ਕਿ ਦੋਵੇਂ ਬੰਬ, ਡੈਸਕ ਤੇ ਬੈਂਚਾਂ ਦੀ ਲਕੜੀ ਦੀ ਰੁਕਾਵਟ ਵਿਚਕਾਰ ਖਾਲੀ ਥਾਂ ਤੇ ਫਟੇ । ਦੂਜੀ ਗੱਲ ਇਹ ਹੈ ਕਿ ਬੰਬ ਫੱਟਣ ਦੀ ਥਾਂ ਤੋਂ ਦੋ ਫੁਟ ਦੇ ਘੇਰੇ ਵਿਚ ਬੈਠੇ ਹੋਏ ਆਦਮੀਆਂ ਨੂੰ ਜਿਨ੍ਹਾਂ ਵਿਚ ਕਿ ਪੀ. ਆਰ. ਰਾਉ, ਮਿਸਟਰ ਸ਼ੰਕਰ ਅਤੇ ਸਰ ਜਾਰਜ ਸ਼ੁਸ਼ਟਰ ਵੀ ਸ਼ਾਮਲ ਹਨ, ਜਾਂ ਤਾਂ ਬਿਲਕੁਲ ਫੱਟੜ ਨਾ ਹੋਏ ਅਤੇ ਜਾਂ ਉਨ੍ਹਾਂ ਨੂੰ ਮਾਮੂਲੀ ਝਰੀਟਾਂ ਆਈਆਂ ।

ਜੇ ਬੰਬ ਉਸੇ ਤਾਕਤ ਦੇ ਹੁੰਦੇ ਜਿੰਨੀ ਕਿ ਸਰਕਾਰੀ ਮਾਹਰਾਂ ਨੇ ਦਸੀ ਹੈ (ਭਾਵੇਂ ਉਸ ਦਾ ਲੇਖਾ ਖਿਆਲੀ ਤੇ ਵਧਾ ਚੜ੍ਹਾ ਕੇ ਦਿੱਤਾ ਹੈ) ਅਤੇ ਜੇ ਉਹਨਾਂ ਵਿਚ ਜ਼ੋਰਦਾਰ ਪੋਟਾਸ਼ੀਅਮ ਕਲੋਰੇਟ ਅਤੇ ਪਿਕਰਿਕ ਦਾ ਤੇਜ਼ਾਬ ਭਰਿਆ ਹੁੰਦਾ ਤਾਂ ਲਕੜੀ ਦੀ ਰੁਕਾਵਟ ਤੋੜ ਕੇ ਉਹ ਬੰਬ ਕਈ ਗਜ਼ਾਂ ਤਕ ਖੜੇ ਲੋਕਾਂ ਨੂੰ ਉਡਾ ਦਿੰਦੇ । ਅਤੇ ਜੇ ਉਹ ਕਿਸੇ ਹੋਰ ਵਿਸਫੋਟਕ ਪਦਾਰਥ ਨਾਲ ਭਰੇ ਹੁੰਦੇ ਅਤੇ ਨਾਲ ਹੀ ਉਨ੍ਹਾਂ ਵਿਚ ਘਾਤਕ ਗੋਲੀਆਂ ਅਤੇ ਟੁਕੜੇ ਵੀ ਰੱਖੇ ਜਾਂਦੇ ਤਾਂ ਉਹ ਵਿਧਾਨ ਸਭਾ ਦੇ ਬਹੁਤੇ ਮੈਂਬਰਾਂ ਨੂੰ ਉਡਾਣ ਲਈ ਕਾਫੀ ਹੁੰਦੇ । ਇਹ ਹੀ ਨਹੀਂ ਜੇ ਅਸੀਂ ਚਾਹੁੰਦੇ ਤਾਂ ਉਨ੍ਹਾਂ ਨੂੰ ਸਰਕਾਰੀ ਪਾਸੇ ਵਲ ਵੀ ਸੁਟ ਸਕਦੇ ਸਾਂ ਜਿਥੇ ਕਿ ਕੁਝ ਉਘੇ ਵਿਅਕਤੀਵੀ ਵੀ ਬੈਠੇ ਹੋਏ ਸਨ ।

ਅਤੇ ਅੰਤ ਵਿਚ, ਅਸੀਂ ਸਰ-ਜਾਨ ਸਾਈਮਨ ਨੂੰ ਭੀ ਨਿਸ਼ਾਨਾ ਬਣਾ ਸਕਦੇ ਸਾਂ ਜਿਸ ਦੇ ਅਭਾਗੇ ਕਮਿਸ਼ਨ ਨੂੰ ਸਾਰੇ ਜ਼ੁੰਮੇਂਵਾਰ ਲੋਕਾਂ ਨੇ ਘ੍ਰਿਣਾ ਕੀਤੀ ਸੀ । ਅਤੇ ਜਿਹੜਾ ਉਸ ਵੇਲੇ ਪ੍ਰਧਾਨ ਦੀ ਗੈਲਰੀ ਵਿਚ ਬੈਠਾ ਸੀ । ਪਰ ਇਹ ਸਭ ਸਾਡੇ ਇਰਾਦੇ ਤੋਂ ਬਾਹਰ ਦੀਆਂ ਗੱਲਾਂ ਸਨ ਅਤੇ ਬੰਬਾਂ ਨੇ ਉਸ ਤੋਂ ਵੱਧ ਕੁਝ ਨਹੀਂ ਕੀਤਾ ਜਿਸ ਲਈ ਕਿ ਉਨ੍ਹਾਂ ਨੂੰ ਤਿਆਰ ਕੀਤਾ ਗਿਆ ਸੀ । ਜੇ ਕੋਈ ਅਜੂਬਾ ਹੈ ਤਾਂ ਕੇਵਲ ਇਹੋ ਹੈ ਕਿ ਉਹ ਮਿਥੇ ਹੋਏ ਨਿਸ਼ਾਨੇ ਉਤੇ ਭਾਵ ਸੁਰੱਖਿਅਤ ਥਾਂ ਉਤੇ ਡਿੱਗੇ ।

## ਇਕ ਇਤਿਹਾਸਕ ਸਬਕ

ਫੇਰ ਅਸੀਂ ਜਾਣ ਬੁਝਕੇ ਆਪਣੇ ਆਪ ਆਪਣੇ ਕੀਤੇ ਕੰਮ ਦੀ ਸਜ਼ਾ ਭੁਗਤਣ ਲਈ ਇਸੇ ਕਰਕੇ ਪੇਸ਼ ਕੀਤਾ ਹੈ ਕਿ ਸਾਮਰਾਜਵਾਦੀ ਲੁਟੇਰਿਆਂ ਨੂੰ ਇਹ ਚਾਨਣਾ ਹੋ ਜਾਵੇ ਕਿ ਵਿਅਕਤੀਆਂ ਦਾ ਨਾਸ਼ ਕਰਕੇ ਉਹ ਵਿਚਾਰਾਂ ਨੂੰ ਨਹੀਂ ਮਾਰ ਸਕਦੇ । ਦੋ ਨਿਗੁਣੀਆਂ ਜਿੰਦਾਂ ਦਾ ਅੰਤ ਕਰਕੇ ਇਕ ਕੌਮ ਨੂੰ ਕੁਚਲਿਆ ਨਹੀਂ ਜਾ ਸਕਦਾ । ਅਸੀਂ ਇਸ ਇਤਿਹਾਸਕ ਸਬਕ ਉਤੇ ਜ਼ੋਰ ਦੇਣਾ ਚਾਹੁੰਦੇ ਸਾਂ ਕਿ ਪਛਾਣ-ਪੱਤਰ (letters-de-Catcet) ਅਤੇ ਬੇਸਟਾਈਲ (Bastiles) ਦੀਆਂ ਜੇਲਾਂ ਵੀ ਫਰਾਂਸ ਦੀ ਇਨਕਲਾਬੀ ਲਹਿਰ ਨੂੰ ਕੁਚਲ ਨਾ ਸਕੀਆਂ । ਫਾਂਸੀ ਦੇ ਫੰਦੇ ਅਤੇ ਸਾਏਬੇਰੀਆ ਦੀਆਂ ਖਾਨਾਂ ਰੂਸੀ ਇਨਕਲਾਬ ਦੀ ਅੱਗ ਨੂੰ ਮੱਠਾ ਨਾ ਪਾ ਸਕੀਆਂ । ਖੂਨੀ ਐਤਵਾਰ ਤੇ ਕਾਲੇ ਅਤੇ ਟੇਨਜ਼ (ਇਕ ਜ਼ਾਲਮ ਫੌਜ ਜਿਹੜੀ ਕਿ ਬਹੁਤ ਅਤਿਆਚਾਰੀ ਸੀ—Ed.) ਆਇਰਲੈਂਡ ਦੀ ਆਜ਼ਾਦੀ ਲਹਿਰ ਦਾ ਗਲਾ ਘੁਟਣ ਵਿਚ ਅਸਫਲ ਰਹੇ ਹਨ । ਤਾਂ ਕੀ ਵਿਸ਼ੇਸ਼ ਕਾਨੂੰਨ (Ordinance) ਅਤੇ ਸੁਰੱਖਿਆ ਬਿਲ ਭਾਰਤ ਵਿਚ ਆਜ਼ਾਦੀ ਦੀ ਜੋਤ ਨੂੰ ਬੁਝਾ ਸਕਣਗੇ ? ਸਾਜ਼ਸ਼ਾਂ ਘੜਕੇ ਜਾਂ ਉਨ੍ਹਾਂ ਦਾ ਪਤਾ ਲਗਾਕੇ ਅਤੇ ਉਚੇ ਆਦਰਸ਼ਾਂ ਦਾ ਸੁਪਨਾ ਲੈਣ ਵਾਲੇ ਸਾਰੇ ਨੌਜਵਾਨਾਂ ਨੂੰ ਜੇਲ੍ਹਾਂ ਵਿਚ ਡਕ ਕੇ ਇਨਕਲਾਬ ਦੀ ਤੋਰ ਨੂੰ ਠੱਲਿਆ ਨਹੀਂ ਜਾ ਸਕਦਾ । ਪਰ ਵੇਲੇ ਸਿਰ ਦਿੱਤੀ ਚੇਤਾਵਨੀ ਨਾਲ, ਜੇ ਅਨਸੁਣੀ ਨਾ ਕੀਤੀ ਜਾਵੇ, ਤਾਂ ਲੋਕਾਂ ਦੀਆਂ ਜਾਨਾਂ ਬਚਾਈਆਂ ਜਾ ਸਕਦੀਆਂ ਹਨ ਅਤੇ ਕਈ ਸੰਕਟਾਂ ਤੋਂ ਬਚਾ ਹੋ ਸਕਦਾ ਹੈ । ਸਾਵਧਾਨ ਕਰਨ ਦਾ ਇਹ ਕੰਮ ਅਸਾਂ ਆਪਣੇ ਜ਼ਿਮੇਂ ਲਿਆ ਸੀ । ਅਤੇ ਸਾਡਾ ਕਰਤਵ ਪੂਰਾ ਹੋ ਗਿਆ ਹੈ ।

## ਕਰਾਂਤੀ ਕੀ ਹੈ ?

ਹੇਠਲੀ ਕਚਿਹਰੀ ਵਿਚ ਭਗਤ ਸਿੰਘ ਤੋਂ ਪੁਛਿਆ ਗਿਆ ਕਿ ਸਾਡਾ ਇਨਕਲਾਬ ਤੋਂ ਕੀ ਭਾਵ ਹੈ । ਇਸ ਸਵਾਲ ਦੇ ਜਵਾਬ ਵਿਚ ਮੈਂ ਆਖਾਂਗਾ ਕਿ ਇਨਕਲਾਬ ਵਾਸਤੇ ਖ਼ੂਨੀ ਲੜਾਈਆਂ ਜ਼ਰੂਰੀ ਨਹੀਂ ਹਨ ਅਤੇ ਨਾ ਹੀ ਇਸ ਵਿਚ ਨਿਜੀ ਬਦਲੇ ਲਈ ਕੋਈ ਥਾਂ ਹੈ । ਇਹ ਬੰਬ ਅਤੇ ਪਿਸਤੌਲ ਦਾ ਫਿਰਕਾ ਨਹੀਂ । ਇਨਕਲਾਬ ਤੋਂ ਸਾਡਾ ਮਤਲਬ ਹੈ ਕਿ ਨੰਗੇ ਅਨਿਆਂ ਉਤੇ ਟਿਕਿਆ ਹੋਇਆ ਮੌਜੂਦਾ ਢਾਂਚਾ ਜ਼ਰੂਰ ਬਦਲਣਾ ਚਾਹੀਦਾ ਹੈ ।

ਮਜ਼ਦੂਰ ਭਾਵੇਂ ਸੰਸਾਰ ਦਾ ਸਭ ਤੋਂ ਜ਼ਰੂਰੀ ਅੰਗ ਹਨ ਫਿਰ ਭੀ ਲੁਟੇਰੇ ਉਨ੍ਹਾਂ ਦੀ ਖੂਨ ਪਸੀਨੇ ਦੀ ਕਮਾਈ ਨੂੰ ਹੜੱਪ ਜਾਂਦੇ ਹਨ । ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਬੁਨਿਆਦੀ ਅਧਿਕਾਰਾਂ ਤੋਂ ਵਾਂਝੇ ਰੱਖਦੇ ਹਨ । ਦੂਜਿਆਂ ਲਈ ਅੰਨ ਪੈਦਾ ਕਰਨ ਵਾਲਾ ਕਿਸਾਨ ਆਪਣੇ ਪਰੀਵਾਰ ਸਮੇਤ ਦਾਣੇ ਦਾਣੇ ਨੂੰ ਸਹਿਕਦਾ ਹੈ । ਕਪੜਾ ਬੁਨਣ ਵਾਲਾ ਜਿਹੜਾ ਸਾਰੇ ਸੰਸਾਰ ਦੀਆਂ ਮੰਡੀਆਂ ਲਈ ਕਪੜਾ ਤਿਆਰ ਕਰਦਾ ਹੈ, ਉਹ ਆਪਣੇ ਅਤੇ ਆਪਣੇ ਬੱਚਿਆਂ ਦਾ ਜਿਸਮ

ਭੀ ਨਹੀਂ ਢੱਕ ਸਕਦਾ। ਰਾਜ, ਲੁਹਾਰ ਅਤੇ ਤਰਖਾਣ ਜਿਹੜੇ ਸ਼ਾਨਦਾਰ ਮਹੱਲ ਉਸਾਰਦੇ ਹਨ, ਨਥਾਂਵਿਆਂ ਵਾਂਗੂ ਗੰਦਿਆਂ ਖੋਲ੍ਹਿਆਂ ਵਿਚ ਰਹਿੰਦੇ ਹਨ। ਦੂਜੇ ਪਾਸੇ ਸਮਾਜ ਦਾ ਲਹੂ ਪੀਣੇ ਪੂੰਜੀਪਤੀ ਕਰੋੜਾਂ ਰੁਪਿਆ ਆਪਣੀ ਮਨ ਦੀ ਮੌਜ ਲਈ ਰੋੜ੍ਹ ਦਿੰਦੇ ਹਨ। ਇਸ ਭਿਅੰਕਰ ਨਾ-ਬਰਾਬਰੀ ਤੇ ਬਦੋਬਦੀ ਠੋਸੇ ਗਏ ਭੇਦ ਭਾਵ ਦਾ ਨਤੀਜਾ ਹਫੜਾ-ਦਫੜੀ ਹੋਵੇਗਾ। ਇਹ ਹੋਲਤ ਬਹੁਤਾ ਚਿਰ ਕਾਇਮ ਨਹੀਂ ਰਹਿ ਸਕਦੀ। ਇਹ ਸਾਫ ਹੈ ਕਿ, ਹੁਣ ਵਾਲਾ ਸਮਾਜਕ ਢਾਂਚਾ ਜਿਹੜਾ ਕਿ ਦੂਸਰਿਆਂ ਦੀ ਮਜਬੂਰੀ ਤੇ ਰੰਗ ਰਲੀਆਂ ਮਨਾ ਰਿਹਾ ਹੈ, ਇਕ ਜਵਾਲਾ ਮੁਖੀ ਦੇ ਮੂੰਹ ਤੇ ਬੈਠਾ ਹੈ।

ਸਭਿਅਤਾ ਦਾ ਇਹ ਮਹਾਨ ਢਾਂਚਾ ਜੇ ਵੇਲੇ ਸਿਰ ਨਾ ਸੰਭਾਲਿਆ ਗਿਆ ਤਾਂ ਢਹਿ ਢੇਰੀ ਹੋ ਜਾਵੇਗਾ। ਇਸ ਲਈ ਇਕ ਬੁਨਿਆਦੀ ਤਬਦੀਲੀ ਦੀ ਲੋੜ ਹੈ। ਸੋ ਇਕ ਬੁਨਿਆਦੀ ਤਬਦੀਲੀ ਅਤੇ ਜ਼ਰੂਰੀ ਹੈ ਤੇ ਜਿਹੜੇ ਇਸ ਗਲ ਨੂੰ ਮਹਿਸੂਸ ਕਰਦੇ ਹਨ ਉਨ੍ਹਾਂ ਦਾ ਫਰਜ਼ ਹੈ ਕਿ ਸਮਾਜਵਾਦ ਤੇ ਅਧਾਰਿਤ ਸਮਾਜ ਦਾ ਪੁਨਰ ਨਿਰਮਾਣ ਕਰਨ। ਜਦ ਤਕ ਇਹ ਨਹੀਂ ਕੀਤਾ ਜਾਂਦਾ ਅਤੇ ਜਦੋਂ ਤਕ ਮਨੁਖ ਦੇ ਹੱਥੀਂ ਮਨੁੱਖ ਦੀ ਅਤੇ ਕੌਮਾਂ ਰਾਹੀਂ ਕੌਮਾਂ ਦੀ ਲੁਟ ਦਾ ਖਾਤਮਾ ਨਾ ਕੀਤਾ ਗਿਆ ਤਾਂ ਮਨੁੱਖਤਾ ਦੇ ਸਿਰ ਉਤੇ ਮੰਡਲਾ ਰਹੇ ਦੁਖਾਂਤ ਅਤੇ ਖੂਨ ਖਰਾਬੇ ਨੂੰ ਰੋਕਿਆ ਨਹੀਂ ਜਾ ਸਕੇਗਾ। ਜੰਗ ਦਾ ਅੰਤ ਕਰਨ ਅਤੇ ਸੰਸਾਰ ਅਮਨ ਦੇ ਯੁਗ ਦਾ ਮੁਢ ਬੰਨ੍ਹਣ ਦੀਆਂ ਸਾਰੀਆਂ ਗੱਲਾਂ ਪਾਖੰਡ ਤੋਂ ਬਿਨਾਂ ਕੁਝ ਨਹੀਂ ਹਨ। ਇਨਕਲਾਬ ਤੋਂ ਸਾਡਾ ਭਾਵ ਅੰਤ ਇਕ ਐਸੀ ਵਿਵਸਥਾ ਨੂੰ ਕਾਇਮ ਕਰਨਾ ਹੈ ਜਿਸ ਨੂੰ ਇਸ ਤਰ੍ਹਾਂ ਚਕਨਾਚੂਰ ਹੋਣ ਦਾ ਖਤਰਾ ਨਾ ਹੋਵੇ ਅਤੇ ਜਿਸ ਵਿਚ ਕਿਰਤੀ ਮਜ਼ਦੂਰ ਵਰਗ ਦੀ ਸਰਦਾਰੀ ਨੂੰ ਮੰਨਿਆ ਜਾਵੇ ਅਤੇ ਇਕ ਵਿਸ਼ਵ ਸੰਗਠਨ ਰਾਹੀਂ ਮਨੁੱਖਤਾ ਨੂੰ ਪੂੰਜੀਵਾਦ ਦੇ ਬੰਧਨਾਂ ਤੋਂ ਅਤੇ ਸਾਮਰਾਜੀ ਜੰਗਾਂ ਦੀ ਤਬਾਹੀ ਤੋਂ ਹਿੰਮਤ ਕਰਕੇ ਆਜ਼ਾਦ ਕਰਵਾਇਆ ਜਾਵੇਗਾ।

## ਸਮੇਂ ਦੀ ਚਿਤਾਵਨੀ

ਇਹ ਹੈ ਸਾਡਾ ਆਦਰਸ਼, ਅਤੇ ਇਸੇ ਵਿਚਾਰਧਾਰਾ ਤੋਂ ਪਰੇਰਣਾ ਲੈ ਕੇ ਅਸੀਂ ਇਕ ਢੁਕਵੀਂ ਤੇ ਪੁਰਜ਼ੋਰ ਚੇਤਾਵਨੀ ਦਿਤੀ ਹੈ। ਪਰ ਜੇ ਸਾਡੀ ਇਸ ਚੇਤਾਵਨੀ ਨੂੰ ਨਾ ਗੌਲਿਆ ਗਿਆ ਤੇ ਅਜੋਕੀ ਸ਼ਾਸਨ ਵਿਵਸਥਾ ਉਭਰ ਕੇ ਵਧ ਰਹੀਆਂ ਕੁਦਰਤੀ ਸ਼ਕਤੀਆਂ ਦੇ ਰਾਹ ਵਿਚ ਰੋੜੇ ਅਟਕਾਉਂਦੀ ਰਹੀ ਤਾਂ ਇਸ ਦਾ ਨਤੀਜਾ ਇਕ ਜ਼ੁਝਵਾਂ ਸੰਗਰਾਮ ਹੋਵੇਗਾ। ਜਿਹੜਾ ਸਾਰੀਆਂ ਰੁਕਾਵਟਾਂ ਨੂੰ ਪਰੇ ਵਗਾਹ ਮਾਰੇਗਾ ਅਤੇ ਕਿਰਤੀਆਂ ਦੀ ਸਰਦਾਰੀ ਦੀ ਸਥਾਪਨਾ ਕਰੇਗਾ ਤੇ ਇਸ ਤਰ੍ਹਾਂ ਇਨਕਲਾਬ ਦੇ ਆਦਰਸ਼ ਦੀ ਸਥਾਪਤੀ ਦਾ ਰਾਹ ਬਣੇਗਾ। ਮਨੁੱਖ ਦਾ ਕਰਾਂਤੀ ਕਰਨ ਦਾ ਅਧਿਕਾਰ ਉਸ ਤੋਂ ਕਦੇ ਖੋਹਿਆ ਨਹੀਂ ਜਾ ਸਕਦਾ। ਮਜ਼ਦੂਰ ਹੀ ਸਮਾਜ ਦਾ ਸੱਚਾ ਪਾਲਣਹਾਰ ਹੈ। ਜਨਤਾ ਦੀ ਪ੍ਰਭੁਸਤਾ ਨੂੰ ਕਾਇਮ ਕਰਨਾਂ ਕਿਰਤੀਆਂ ਦੀ ਮੰਜ਼ਿਲ ਹੈ। ਇਨ੍ਹਾਂ ਆਦਰਸ਼ਾਂ ਅਤੇ ਵਿਸ਼ਵਾਸ ਵਾਸਤੇ ਦਿੱਤੀ ਜਾਣ ਵਾਲੀ ਹਰ ਸਜ਼ਾ ਦਾ ਅਸੀਂ ਖਿੜੇ ਮੱਥੇ ਸਵਾਗਤ ਕਰਾਂਗੇ। ਇਨਕਲਾਬ ਦੀ ਇਸ ਕੁਰਬਾਨ ਗਾਹ ਉਤੇ ਅਸੀਂ ਆਪਣੀ ਜਵਾਨੀ ਦੀ ਧੂਪ ਬਾਲਣ ਆਏ ਹਾਂ, ਕਿਉਂਕਿ ਅਜਿਹੇ ਮਹਾਨ ਆਦਰਸ਼ ਲਈ ਕੁਰਬਾਨੀ ਵੱਡੀ ਨਹੀਂ ਹੈ। ਅਸੀਂ ਸੰਤੁਸ਼ਟ ਹਾਂ ਤੇ ਸਾਨੂੰ ਕੋਈ ਗਿਲਾ ਨਹੀਂ ਹੈ। ਅਸੀਂ ਇਨਕਲਾਬ ਦੇ ਆਉਣ ਦੀ ਉਡੀਕ ਵਿਚ ਹਾਂ।

"ਇਨਕਲਾਬ ਜ਼ਿੰਦਾਬਾਦ"

---

ਸਫ਼ਾ 17 ਦੀ ਬਾਕੀ ->

"ਜੇ ਚਾਚੀ ਨਾਲ ਵੀ ਨਈਂ ਸੀ ਰੱਜਿਆ ਤਾਂ ਮੰਹ ਅਰਗੀ ਧੀ ਸੀ ਘਰ, ਉਥੇ ਮੂੰਹ ਮਾਰ ਲੈਂਦੋਂ।" ਲਾਟਾਂ ਹੋਰ ਵੀ ਉੱਚੀਆਂ ਹੋਈਆਂ। ਬਿੰਦ ਦੀ ਬਿੰਦ ਰੱਤੋ ਦੇ ਬੋਲ ਸਰਦਾਰ ਨੂੰ ਕੱਚਾ ਜਿਹਾ ਕਰ ਗਏ। ਪਰ ਦੂਜੇ ਹੀ ਪਲ ਰੱਤੋ ਸਰਦਾਰ ਨੂੰ ਵੰਗਾਰ ਜਾਪੀ। ਉਹਦਾ ਸਾਰਾ ਸਰਦਾਰੀ ਰੋਹਬ ਰੋਹ ਵਿਚ ਆ ਗਿਆ—ਤੇ ਉਹਨੇ ਰੱਤੋ ਨੂੰ ਇਕੋ ਝੱਟਕੇ ਨਾਲ ਮੰਜੇ ਉਤੇ ਸੁਟ ਲਿਆ। ਕਦੇ ਕਦੇ ਰੱਤੋ ਦੀ ਦੱਬੀ ਘੁੱਟੀ ਚੀਕ ਬਾਹਰ ਤਖ਼ਤਿਆਂ ਨਾਲ ਕੰਨ ਲਾ ਕੇ ਬੈਠੀ ਤੇਜੋ ਨੂੰ ਸੁਣਦੀ ਤਾਂ ਉਹ ਤ੍ਰਭਕ ਜਾਂਦੀ। ਮੰਜੇ ਦੀ 'ਕੜ ਕੜ' ਖ਼ੁਸ਼ ਵੀ ਕਰਦੀ ਤੇ ਉਦਾਸ ਵੀ।

"ਹਾਏ...ਉਏ...ਏ।" ਇਕ ਠੱਕ ਕਰਦੀ ਆਵਾਜ਼ ਦੇ ਨਾਲ ਹੀ ਸਰਦਾਰ ਦੀ ਚੀਕ ਤਖ਼ਤੇ ਦੀਆਂ ਝੀਥਾਂ 'ਚੋਂ ਲੰਘ, ਤੇਜੋ ਦੇ ਕੰਨਾਂ ਵਿਚ ਚੀਰ ਪਾ ਗਈ। ਬੌਂਦਲੀ ਤੇਜੋ ਨੇ ਬੂਹਾ ਖੋਲ੍ਹਿਆ। ਸਰਦਾਰ ਦੇ ਸਿਰ 'ਚੋਂ ਲਹੂ ਵੱਗ ਰਿਹਾ ਸੀ ਤੇ ਲਾਗੇ ਖਲੋਤੀ ਰੱਤੋ ਦੇ ਹੱਥ ਵਿਚ ਟੁੱਟੀ ਬੋਤਲ ਦੇ ਗਲ ਵਾਲਾ ਹਿੱਸਾ ਫੜਿਆ ਹੋਇਆ ਸੀ।

---

**RUPINDER S. AZAD** M.A.

**Now, an independant general agent for:**

**SEABOARD LIFE INSURANCE COMPANY**

**202 - 4640 No. 3 rd. Richmond, B.C. Office 273-2961**

**& Broker for several reputable Ins. Cos.**
**offering you a variety of insurance services:** *Life, Mortgage, Acc. & Sickness, Group (with 3 Employees or more) including: INCOME TAX SHELTERING ANNUITIES - To save Capital Gain Taxes. Registered or non-Reg'd R.R.S.P.s*



RUPINDER AZAD M.A.

***Phone:*** *For FREE consultation & competitive rates on any plan, contact:*

*HOME: 325-0774*

*OFFICE - 324-2844*

*AZAD INSURANCE AGENCIES*

*6612 - Main Street, Vancouver, B.C. V5X 3H2*

# ਚੁਲ੍ਹੇ ਦੀ ਅੱਗ

ਦਲਬੀਰ ਚੇਤਨ

ਸਰਦਾਰ ਨੇ ਘੜੀ ਵੱਲ ਵੇਖਦਿਆਂ, ਆਖਰੀ ਹਾੜਾ ਜੁਕਿਆ ਤੇ ਮਨ ਹੀ ਮਨ ਮੁਸਕਰਾ ਪਿਆ। ਆਪਣੀਆਂ ਮੁੱਛਾਂ ਨੂੰ ਪੁੱਠੇ ਹੱਥ ਨਾਲ ਪੂੰਝਦਾ ਉਹ ਕਮਰਿਉਂ ਬਾਹਰ ਨਿਕਲਿਆ ਤੇ ਕੰਨ ਖੜੇ ਕਰਕੇ ਬਿੜਕਾਂ ਲੈਣ ਲੱਗਾ। ਪਰ ਠੱਕੇ ਮਾਰੀ ਪੋਹ ਦੀ ਠੰਡੀ ਰਾਤ ਕਰਕੇ ਚਾਰ ਚੁਫੇਰੇ ਚੁੱਪ ਪਸਰੀ ਪਈ ਸੀ। ਉਹਨੇ ਇਕ ਤਸੱਲੀ ਜਿਹੀ ਨਾਲ ਅੰਦਰ ਜਾ ਕੇ ਕੰਬਲ ਦੀ ਬੁੰਬ ਮਾਰੀ ਤੇ ਸੂਏ ਵਾਲੀ ਡਾਂਗ ਨੂੰ ਹੱਥਾਂ 'ਚ ਘੁੱਟਿਆ। ਤੁਰਨ ਵੇਲੇ, ਬਾਕੀ ਅੱਧੀ ਕੁ ਬਚੀ ਬੋਤਲ ਨੂੰ ਵੀ ਡੱਬ ਵਿਚ ਅੜਾਉਂਦਿਆਂ, ਉਹ ਚੁੱਪ ਚਾਪ ਬਾਹਰ ਨੂੰ ਤੁਰ ਪਿਆ।

ਬਾਹਰ, ਗਲੀਆਂ ਦਾ ਚਿੱਕੜ ਮਿੱਧਦਾ, ਤੁਰਿਆ ਜਾਂਦਾ ਨਸ਼ਈ ਸਰਦਾਰ ਗਿਣਤੀਆਂ ਵਿਚ ਪਿਆ ਹੋਇਆ ਸੀ। ਕਈ ਵਾਰ ਉਹਦੀ ਸੋਚ 'ਚ ਆਇਆ ਕਿ ਕਿਤੇ ਕਹਾਣੀ ਉਲਟੀ ਨਾ ਪੈ ਜਾਏ ਪਰ ਉਹਨੂੰ ਤੇਜੋ ਦੀ ਹੁਸ਼ਿਆਰੀ ਉਤੇ ਪੂਰਾ ਮਾਣ ਸੀ। ਉਂਜ ਵੀ ਅਜੇ ਤੱਕ, ਵਿਹੜੇ ਦੀ ਕਿਸੇ ਵੀ ਨੂੰਹ-ਧੀ ਨੇ ਉਹਦੇ ਅੱਗੇ ਉਜ਼ਰ ਨਹੀਂ ਸੀ ਕੀਤੀ। ਉਹਨੇ ਜਦੋਂ ਵੀ, ਜਿਹਨੂੰ ਵੀ ਹੱਥ ਪਾਇਆ ਬਸ ਪੌਂ-ਬਾਰਾਂ ਹੀ ਪਈਆਂ ਸਨ। ਉਹ ਹੁਣ ਤੱਕ ਹੰਢਾਏ ਹੋਏ ਸਰੀਰਾਂ ਦੀ ਗਿਣਤੀ ਕਰਨ ਲੱਗ ਪਿਆ। ਪੋਟੇ ਮੁਕ ਗਏ ਪਰ ਸਰੀਰਾਂ ਦੀ ਕਤਾਰ ਅਜੇ ਵੀ ਕਾਇਮ ਸੀ। ਫੇਰ ਉਹਦੀਆਂ ਅੱਖਾਂ ਅੱਗੇ ਰੱਤੋ ਦਾ ਗੁੰਦਵਾਂ ਸਰੀਰ ਆ ਖਲੋਤਾ ਤੇ ਉਹ ਮੁਸਕਰਾ ਪਿਆ। ਖੁਲ੍ਹਿਆ ਬੁਲ੍ਹਾਂ ਉਤੇ ਉਹਨੇ ਜ਼ਬਾਨ ਫੇਰੀ। ਇਕ ਕੁੱਤਾ ਝਈ ਲੈ ਕੇ ਉਹਦੇ ਵੱਲ ਵਧਿਆ ਤੇ ਭੌਂਕਣ ਲੱਗਾ। ਉਹਨੇ, ਉਹਦੇ ਵੱਲ ਡਾਂਗ ਉਲਾਰੀ, ਕੁੱਤਾ ਭੌਂਕਦਾ ਭੌਂਕਦਾ ਪਿੱਛੇ ਹੱਟ ਗਿਆ।

ਸਰਦਾਰ ਦਾ ਨਸ਼ਾ ਪਲੋ ਪਲ ਵੱਧ ਰਿਹਾ ਸੀ ਤੇ ਉਹਦਾ ਚੁੱਕਿਆ ਹਰ ਨਵਾਂ ਕਦਮ ਪਹਿਲੇ ਨਾਲੋਂ ਜ਼ਿਆਦਾ ਡਾਂਵਾਂ-ਡੋਲ ਸੀ। ਉਹਦੀਆਂ ਅੱਖਾਂ ਨਸ਼ੇ ਨਾਲ ਮਿੱਚ ਮਿੱਚ ਜਾਂਦੀਆਂ ਪਰ ਉਹ ਮਿੱਚੀਆਂ ਅੱਖਾਂ ਨਾਲ ਵੀ ਰੱਤੋ ਦੇ ਭਰਵੇਂ ਸ਼ਰੀਰ ਦੀਆਂ ਗੋਲਾਈਆਂ ਨੂੰ ਮਾਪਦਾ, ਮੁਸਕਰਾ ਪੈਂਦਾ ਨਸ਼ੇ ਦੀ ਮਸਤੀ ਕਰਕੇ, ਉਹਨੂੰ ਰੱਤੋ ਦਾ ਸਰੀਰ ਹੋਰ ਵੀ ਖਿੱਚ ਭਰਿਆ ਲੱਗ ਰਿਹਾ ਸੀ।

ਉਂਜ ਤਾਂ ਰੱਤੋ ਸਾਰੇ ਪਿੰਡ ਲਈ ਹੀ ਚੁੰਬਕੀ ਖਿਚ ਵਾਂਗ ਸੀ। ਮੁੰਡਿਆਂ ਦੀਆਂ ਢਾਣੀਆਂ ਵਿਚ ਉਹਦੀ ਚਰਚਾ ਛਿੜਦੀ ਤੇ ਰੋਜ਼ ਹੀ ਕੁਛ ਨਾਂ, ਉਹਦੇ ਨਾਲੋਂ ਜੋੜੇ ਤੇ ਤੋੜੇ ਜਾਂਦੇ। ਉਸ ਚੁੱਪ 'ਜਿਹੀ ਕੁੜੀ ਬਾਰੇ ਕੀਤੀਆਂ ਗੱਲ੍ਹਾਂ ਅੰਬਰ ਦੇ ਕਿੰਗਰੇ ਭੋਰ ਆਉਂਦੀਆਂ। ਹੁਣ ਤਾਂ ਮੁੰਡੇ ਉਸ ਨੂੰ ਰੱਤੋ ਦੀ ਥਾਂ ਨਿਰੀ 'ਅੱਗ' ਵੀ ਕਹਿਣ ਲੱਗ ਪਏ ਸਨ। ਬਹੁਤੇ ਤਾਂ ਇਸ ਕਰਕੇ ਕਿ ਉਹਦਾ ਹੁਸਨ ਹੈ ਈ ਅੱਗ ਦੀ ਲਾਟ ਵਰਗਾ ਸੀ ਤੇ ਕੁਝ ਸ਼ਾਇਦ ਉਸ ਨੂੰ, ਇੰਜ ਉਹਦੇ ਸੁਭਾ ਕਰਕੇ ਕਹਿੰਦੇ ਸਨ। ਵਿਹੜੇ 'ਚ ਤਾਂ ਕੀ, ਸਾਰੇ ਪਿੰਡ ਵਿਚ ਕੋਈ ਜੱਟੀ ਵੀ ਨਹੀਂ ਸੀ, ਉਹਦੇ ਨਾਲ ਦੀ। ਰੰਗ ਸੀ, ਜਿਵੇਂ ਦੁੱਧ ਵਿਚ ਲਾਲ ਸੋਢੇ ਦੀ ਬੋਤਲ ਘੋਲੀ ਹੋਵੇ। ਤੇ ਉਤੋਂ ਸੂਕ ਕੇ ਚੜ੍ਹੀ ਜਵਾਨੀ ਨੇ ਪਿੰਡ ਦੇ ਬੁੱਢਿਆਂ ਨੂੰ ਵੀ ਗੱਲਾਂ ਕਰਨ ਲਾ ਦਿੱਤਾ ਸੀ। ਉਹ ਆਲੇ ਦੁਆਲੇ ਚੋਰ ਨਜ਼ਰੀਂ ਵੇਂਹਦੇ, ਆਪਣੇ ਵਲੋਂ ਬੜੀ ਭੇਦ-ਭਰੀ ਗੱਲ ਦੱਸਦੇ, "...ਗਭਰੂਆ, ਤੈਨੂੰ ਕੀ ਪਤੈ...ਦੋਗਲੀ ਕਿਸਮ ਐਂ ਈ ਹੱਲੇ ਦੀ ਹੁੰਦੀ ਐ। ਕਿਤੇ ਆਪਣਾ ਸਰਦਾਰ ਕਰਤਾਰ ਸਿਹੁੰ ਮਾੜਾ ?"

ਬੇਸ਼ਕ ਬਜ਼ੁਰਗ ਆਪਣੀ ਧੋਲੀ ਦਾੜ੍ਹੀ ਕਰਕੇ, 'ਭੇਦ-ਭਰੀ ਗੱਲ' ਬੜੀ ਲੁਕੋ ਕੇ ਕਰਨ ਦਾ ਨਾਟਕ ਰਚਦੇ ਪਰ ਵੈਸੇ ਹੁਣ, ਇਹ ਗੱਲ ਕੋਈ ਜ਼ਿਆਦਾ ਭੇਦ ਵਾਲੀ ਵੀ ਨਹੀਂ ਸੀ ਰਹੀ। ਇਹ ਤਾਂ ਪਿੰਡ 'ਚ ਸਾਰਿਆਂ ਨੂੰ ਪਤਾ ਸੀ ਕਿ ਰੱਤੋ ਦੀ ਮਾਂ ਦੀਪੋ ਮੁਕਲਾਵਿਉਂ ਮੁੜਕੇ ਜਦ ਪੇਕੇ ਗਈ ਤਾਂ, ਉਹਨੇ ਫਿਰ ਨਾ ਆਉਣ ਦੀ ਅੜੀ ਹੀ ਫੜ ਲਈ ਸੀ। ਸਹੁਰਿਆਂ ਤੋਂ ਵੀ ਸੁਨੇਹੇ ਗਏ, ਮਾਪਿਆਂ ਵੀ ਤਰਲੇ ਕੱਢੇ ਪਰ ਉਹ ਕਹਿੰਦੀ ਸੀ, "ਮੈਂ ਉਥੇ ਲੈਣ ਕੀ ਜਾਣਾ ? ਜਵਾਨੀ ਨੂੰ ਖਾਣ-ਹੰਢਾਉਣ ਤੋਂ ਬਗੈਰ, ਹੋਰ ਵੀ ਤਾਂ ਕੁਝ ਚਾਹੀਦੈ ?"

ਉਤਮਾਂ ਆਪ ਵੀ ਲੁਕਦਾ ਫਿਰਦਾ ਸੀ। ਪਰ ਲੋਕ ਉਹਨੂੰ ਜੀਉਣ ਨਹੀਂ ਸਨ ਦਿੰਦੇ। ਇਕ ਦਿਨ ਉਹਨੂੰ ਸਰਦਾਰ ਵੀ ਕਹਿਣ ਲੱਗਾ, "ਉਤਮਿਆਂ, ਇਦ੍ਹੇ 'ਚ ਤਾਂ ਪਿੰਡ ਦੀ ਵੀ ਬੜੀ ਨਮੋਸ਼ੀ ਐ। ਚਲ, ਮੈਂ ਚਲਦਾਂ ਤੇਰੇ ਨਾਲ, ਸਾਲੇ ਤੋਰਨਗੇ ਕਿਦਾਂ ਨਾਂ ? ਉਂ ਤਾਂ ਉਤਮੇਂ ਨੇ ਕੰਨੀ ਕਤਰਾਉਣ ਦੀ ਪੂਰੀ ਵਾਹ ਲਾਈ ਪਰ ਸਰਦਾਰ ਨੇ ਖਹਿੜਾ ਹੀ ਨਾਂ ਛਡਿਆ। ਤੇ ਇਕ ਦਿਨ ਉਹ ਸਰਦਾਰ ਨਾਲ ਆਪਣੇ ਸਹੁਰੀਂ ਜਾ ਵੜਿਆ।

ਕਹਿੰਦੇ ਨੇ ਦੀਪੋ ਨੇ ਮੂੰਹ ਪਾੜ ਕੇ ਕਹਿ ਦਿਤਾ ਸੀ, "ਵੇਖ ਸਰਦਾਰਾ, ਇਹ ਨਈਉਂ ਮੈਨੂੰ ਲਿਜਾਣ ਜੋਗਾ, ਜੇ ਤੇਰੇ 'ਚ ਹੈ ਆਸਰਾ ਤਾਂ ਲੈ ਚਲ..." —ਤੇ ਸੁਣ ਕੇ ਤਿੱਪ ਤਿੱਪ ਲਈ ਸਹਿਕਦੇ ਸਰਦਾਰ ਦਾ 'ਜੀਅ ਕੀਤਾ ਸੀ ਕਿ ਉਹ ਪਹਿਲੇ ਤੋੜ ਵਰਗੀ ਦੀਪੋ ਨੂੰ ਖੜਾ ਖਲੋਤਾ ਹੀ ਡੀਕ ਜਾਵੇ। ਦੀਪੋ ਦੇ ਆਉਣ ਨਾਲ ਉਤਮੇਂ ਦਾ ਨੱਕ ਬੱਚ ਗਿਆ ਸੀ ਤੇ ਸਰਦਾਰ ਦੀ ਭਰੀ ਜ਼ਿੰਦਗੀ ਹੋਰ ਵੀ ਨਕੋ ਨੱਕ ਭਰ ਗਈ ਸੀ।

ਜਦੋਂ ਦੀਪੋ ਘਰ ਪਹਿਲੀ ਕੁੜੀ ਜੰਮੀ ਤਾਂ ਉਹਦੇ ਨੈਣ-ਨਕਸ਼ਾਂ ਦੀ ਚਰਚਾ ਸਾਰੇ ਪਿੰਡ ਵਿਚ ਛਿੜ ਪਈ। ਤੇਰ੍ਹਵਾਂ ਨ੍ਹਾ ਕੇ ਜਦੋਂ ਦੀਪੋ ਸਰਦਾਰ ਨੂੰ ਮਿਲੀ ਤਾਂ ਉਹਦੀਆਂ ਅੱਖਾਂ ਵਿਚ ਵੀ ਇਕ ਸ਼ਰਾਰਤੀ ਮੁਸਕਰਾਹਟ ਸੀ।

ਇਹ ਤਾਂ ਕਿਸੇ ਦੇ ਸੁਪਨੇ ਦੀ ਸੋਚ ਵੀ ਨਹੀਂ ਸੀ ਹੋ ਸਕਦੀ ਕਿ ਦੂਸਰਾ ਜਣੇਪਾ ਕੱਟਣ ਤੋਂ ਪਹਿਲਾਂ ਹੀ

ਦੀਪੋ ਦੀ ਜ਼ਾਬਰ ਜਵਾਨੀ ਅਗਨੀ ਭੇਟਾ ਚੜ੍ਹ ਜਾਵੇਗੀ। ਦੀਪੋ ਦੀ ਮੌਤ ਦੇ ਤਰ੍ਹਾਂ ਤਰ੍ਹਾਂ ਦੇ ਕਿਆਸੇ ਸਨ। ਕਈ ਤਾਂ ਇਹ ਵੀ ਕਹਿੰਦੇ ਸਨ ਕਿ ਦੀਪੋ ਨੇ ਸਰਦਾਰ ਨੂੰ ਕਹਿ ਦਿੱਤਾ ਸੀ, "ਸਰਦਾਰਾ, ਪੁੱਤ ਜੰਮਿਆ ਤਾਂ ਚੁੱਪ ਚਾਪ ਜ਼ਮੀਨ ਦਾ ਅੱਧ ਲੁਵਾ ਦਈਂ ਉਹਦੇ ਨਾਂ!" ਤੇ ਘਾਬਰੇ ਸਰਦਾਰ ਨੇ ਕੋਈ ਉਲਟੀ ਸਿਧੀ ਦਵਾ ਦੇ ਕੇ ਦੀਪੋ ਦਾ ਹੀ ਫਾਹਾ ਵੱਢ ਦਿੱਤਾ ਸੀ।

ਮਾਂ ਦੇ ਮਰਨ ਤੋਂ ਬਾਅਦ, ਬੋਟ ਵਰਗੀ ਰੱਤੋ ਚਾਚੀ ਦਿਆਂ ਪਰਾਂ ਥੱਲੇ ਹੀ ਉਡਾਰੂ ਹੋਈ। ਉਤਮਾਂ ਤਾਂ ਥੱਸ ਨਾਂ ਹੋਇਆਂ ਵਰਗਾ ਹੀ ਸੀ। ਉਹ ਸਾਰਾ ਦਿਨ ਸਰਦਾਰ ਦਿਆਂ ਖੇਤਾਂ ਵਿਚ ਕੰਮ ਕਰਦਾ, ਉਥੇ ਹੀ ਰੋਟੀ-ਟੁੱਕ ਖਾ, ਬੰਬੀ ਵਾਲੇ ਕੋਠੇ ਵਿਚ ਪਿਆ ਰਹਿੰਦਾ।

ਚਾਚੀ ਨੂੰ ਵੀ ਰੱਤੋ ਦਾ ਵਾਹਦਾ ਆਹਰ ਜਿਹਾ ਲੱਭ ਪਿਆ ਸੀ। ਰੱਤੋ ਦਾ ਚਾਚਾ ਤਾਂ ਕਿਧਰੇ ਕਾਲੀ ਮਿੱਟੀ ਵੱਲ ਨੌਕਰ ਸੀ ਤੇ ਮਸਾਂ ਸਾਲ ਪਿੱਛੋਂ ਕੁਝ ਦਿਨਾ ਲਈ ਆਉਂਦਾ ਸੀ। ਚਾਚੀ ਦਾ ਅਜੇ ਤੱਕ ਆਪਣਾ ਕੋਈ ਧੀ-ਪੁੱਤ ਨਹੀਂ ਸੀ—ਸ਼ਾਇਦ ਇਸੇ ਲਈ ਉਹ ਰੱਤੋ ਨਾਲ ਆਖਰਾਂ ਦਾ ਮੋਹ ਵੀ ਕਰਦੀ ਸੀ।

ਰੱਤੋ ਜਵਾਨ ਹੋਈ ਤਾਂ ਜ਼ਿਮੀਦਾਰਾਂ ਦੇ ਮੁੰਡਿਆਂ ਨੂੰ ਜਿਵੇਂ ਕੋਈ ਗੱਲ ਹੱਥ ਆ ਗਈ। ਵਾਢੀਆਂ ਦੇ ਦਿਨਾਂ ਵਿਚ ਜਦੋਂ ਉਹ ਸਿੱਟੇ ਚੁਗਣ ਜਾਂਦੀ ਤਾਂ ਜਵਾਨ ਮੁੰਡੇ ਕਚੀਚੀਆਂ ਵੱਟਦੇ, "ਭਲਾ ਇਨੂੰ ਕੀ ਲੋੜ ਪਈ ਐ ਸਿੱਟ੍ਹੇ ਚੁਗਣ ਦੀ, ਇਕ ਆਹ ਹੱਸ ਕੇ ਗੱਲ ਤਾਂ ਕਰੇ, ਅਸੀਂ ਪੂਰੀ ਭਰੀ ਚੁਕਾ ਦਈਏ।" ਪਰ ਰੱਤੋ ਸੀ ਕਿ ਆਪਣੀਆਂ ਸਾਰੀਆਂ ਕੰਨੀਆਂ ਸਾਂਭ ਸੰਧ ਕੇ ਤੁਰਦੀ। ਇਕ ਦਿਨ ਸਿੱਟੇ ਚੁਗਦੀ ਰੱਤੋ ਨੂੰ, ਸਰਪੰਚਾਂ ਦੇ ਮੀਤੇ ਨੇ ਕੋਈ ਕੁਵੱਲੀ ਜਿਹੀ ਗੱਲ ਆਖੀ। ਉਹ ਅੰਦਰੋਂ-ਅੰਦਰ ਉਬਲੀ ਤੇ ਬਥੇਰਾ, ਪਰ ਉਭਾਸਰੀ ਕੁਝ ਨਾ। ਉਸੇ ਭਰੀ ਪੀਤੀ ਉਹ ਆਪਣੇ ਘਰ ਵੱਲ ਨੂੰ ਮੁੜ ਪਈ। ਖਿੱਝਦੀ ਕ੍ਰਿਝਦੀ ਘਰ ਨੂੰ ਆ ਰਹੀ ਸੀ। ਉਸ ਦੇ ਅੰਦਰ ਇਕ ਅੱਗ ਜਿਹੀ ਸੁਲਗ ਰਹੀ ਸੀ ਤੇ ਸ਼ਾਇਦ ਇਸੇ ਅੱਗ ਨੂੰ ਬੁਝਾਉਣ ਲਈ ਉਹ ਚਲਦੀ ਬੰਬੀ ਵੱਲ ਹੋ ਤੁਰੀ। ਰੱਜਕੇ ਪਾਣੀ ਪੀਣ ਪਿੱਛੋਂ, ਉਸ ਦਾ ਜੀ ਕੀਤਾ ਕਿ ਚੁਬੱਚੇ ਦੇ ਠੰਢੇ ਪਾਣੀ ਵਿਚ ਛਾਲ ਮਾਰ ਦੇਵੇ ਤੇ ਉਨਾਂ ਚਿਰ ਪਾਣੀ 'ਚੋਂ ਨਾ ਨਿਕਲੇ ਜਿੰਨਾਂ ਚਿਰ ਉਹਦੇ ਸਾਰੇ ਅੰਗ ਠਰੂੰ ਠਰੂੰ ਨਾ ਕਰਨ ਲੱਗ ਪੈਣ। ਉਹਨੇ ਚਾਰ ਚੁਫੇਰੇ ਵੇਖਿਆ, ਲਾਗੇ ਬੰਨੇ ਕੋਈ ਨਹੀਂ ਸੀ। ਪਰ ਬੰਬੀ ਲਾਗਲੇ ਸਰਦਾਰ ਦੇ ਕਮਰੇ ਦੀ ਬਾਰੀ ਦਾ ਉਤਲਾ ਹਿੱਸਾ ਖੁਲ੍ਹਾ ਸੀ। ਹੋ ਸਕਦਾ ਸੀ ਸਰਦਾਰ ਅੰਦਰ ਹੀ ਹੋਵੇ। ਤੇ ਸਰਦਾਰ ਦੇ ਉਥੇ ਹੁੰਦਿਆਂ ਤਾਂ ਨਹਾਉਣਾ ਠੀਕ ਨਹੀਂ ਸੀ। ਇਹ ਸੋਚ ਕੇ ਉਹਨੇ ਆਪਣੇ ਨਹਾਉਣ ਦੇ ਖ਼ਿਆਲ ਨੂੰ ਬਦਲ ਲਿਆ ਪਰ ਸਲਵਾਰ ਦੇ ਪਹੁੰਚਿਆਂ ਨੂੰ ਗੋਡਿਆਂ ਤੱਕ ਟੁੰਗ, ਉਹ ਚਬੱਚੇ ਵਿਚ ਖਲੋਤੀ ਕਿੰਨ੍ਹਾਂ ਚਿਰ ਪਾਣੀ ਦੀ ਠੰਢਕ ਮਹਿਸੂਸ ਕਰਦੀ ਰਹੀ। ਫੇਰ ਉਹਨੇ ਆਪਣੇ ਭੱਖਦੇ ਮੂੰਹ ਉਤੇ ਪਾਣੀ ਦੇ ਛਿੱਟੇ ਮਾਰੇ ਤੇ ਆਪਣੀ ਮੈਲੀ ਜਿਹੀ ਚੁੰਨੀ ਨਾਲ ਮੂੰਹ ਪੂੰਝਦੀ ਘਰ ਨੂੰ ਤੁਰ ਪਈ।

ਸਰਦਾਰ ਦੀ ਬੈਠਕ ਲਾਗੋਂ ਦੀ ਲੰਘਦਿਆਂ—ਉਹਦੇ ਕੰਨੀ ਕਿਸੇ ਔਰਤ ਦੇ ਦੱਬਵੇਂ ਜਿਹੇ ਹਾਸੇ ਦੀ ਭਿਣਕ ਪਈ। ਉਹਨੇ ਖਲੋ ਕੇ ਏਧਰ-ਉਧਰ ਵੇਖਿਆ, ਪਰ ਲਾਗੇ ਬੰਨੇ ਤਾਂ ਕੋਈ ਵੀ ਨਹੀਂ ਸੀ। ਉਹ ਫਿਰ ਤੁਰਨ ਹੀ ਲੱਗੀ ਸੀ ਕਿ ਇਸ ਵਾਰ ਬਾਰੀ ਵਲੋਂ ਹਾਸੇ ਦੀ ਥਾਂ ਮੱਧਮ ਜਿਹੇ ਬੋਲਾਂ ਦੀ ਕਿਣ ਮਿਣ ਜਿਹੀ ਹੋਈ। ਉਹ ਸਾਹ ਰੋਕ ਕੇ ਕੁਝ ਚਿਰ ਖਲੋਤੀ ਰਹੀ। ਫੇਰ ਪੋਲੇ ਪੈਰੀਂ ਤੁਰਦਿਆਂ, ਬਾਰੀ ਦੇ ਉਤਲੇ ਖੁਲ੍ਹੇ ਹਿੱਸੇ ਦੀਆਂ ਸੀਖਾਂ ਨਾਲ ਆਪਣੀਆਂ ਅੱਖਾਂ ਜੋੜ ਦਿੱਤੀਆਂ...ਤੇ ਉਹ ਆਪ ਧਰਤੀ ਦੇ ਨਾਲ ਹੀ ਜੁੜ ਕੇ ਰਹਿ ਗਈ। ਉਹਦੀ ਅਲਫ਼-ਨੰਗੀ ਚਾਚੀ-ਸਰਦਾਰ ਦੀਆਂ ਬਾਹਾਂ ਵਿਚ, ਮੁੰਦੀਆਂ ਅੱਖਾਂ ਨਾਲ ਮੁਸਕਰਾ ਰਹੀ ਸੀ। ਫੇਰ ਪਤਾ ਨਹੀਂ ਕਿਵੇਂ ਚਾਚੀ ਦੀਆਂ ਅੱਖਾਂ ਦੀਆਂ ਪੁਤਲੀਆਂ ਬਾਰੀ ਵੱਲ ਮੁੜੀਆਂ ਤੇ ਬਾਹਰ ਖਲੋਤੀ ਰੱਤੋ ਦੀਆਂ ਅੱਖਾਂ ਨਾਲ ਜਾ ਭਿੜੀਆਂ। ਇਸ ਤੋਂ ਪਹਿਲਾਂ ਕਿ ਬੂਹਾ ਖੁਲ੍ਹਦਾ, ਰੱਤੋ ਉਥੋਂ ਉਡਦੀ ਹੋ ਗਈ।

ਉਸ ਦਿਨ ਤੋਂ ਕੱਦ-ਕਾਠ 'ਚ, ਰੱਤੋ ਨਾਲੋਂ ਵੀ ਉਚੀ ਤੇਜੋ ਨੂੰ ਆਪਣਾ ਆਪ ਬੌਣਾਂ-ਬੌਣਾਂ ਲੱਗਣ ਲੱਗ ਪਿਆ। ਰੱਤੋ ਦੇ ਸਾਹਮਣੇ ਹੋਣ ਦਾ ਜਿਗਰਾ, ਜਿਵੇਂ ਉਹਦੇ ਵਿਚੋਂ ਮਰ ਮੁਕ ਹੀ ਗਿਆ ਹੋਵੇ।

ਕਈ ਵਾਰ ਉਹਦਾ ਦਿਲ ਕਰਦਾ ਕਿ ਉਹ ਰੱਤੋ ਨੂੰ ਆਖੇ—ਵੇਖ, ਤੂੰ ਅਜੇ ਬਹੁਤ ਛੋਟੀ ਐਂ—ਤੈਨੂੰ ਕੀ ਪਤਾ ਕਿ ਕਿਨਾਂ ਔਖਾ ਹੁੰਦੈ, ਇਸ ਵਿਹੜੇ ਦੀਆਂ ਨੂੰਹਾਂ-ਧੀਆਂ ਲਈ ਆਪਣਾ ਆਪ ਬਚਾਉਣਾ? ...ਤੈਨੂੰ ਤਾਂ ਅਜੇ ਇਹ ਵੀ ਨਹੀਂ ਸੋਝੀ ਕਿ ਘਰ ਦੀਆਂ ਗਰਜ਼ਾਂ ਕਿਵੇਂ ਪੂਰੀਆਂ ਕੀਤੀਆਂ ਜਾਂਦੀਆਂ ਨੇ?" ਪਰ ਉਹ ਚਾਹੁੰਦੀ ਸੀ ਕਿ ਇਨ੍ਹਾਂ ਗੱਲਾਂ ਨੂੰ ਰੱਤੋ ਨਾ ਹੀ ਸਮਝੇ ਤਾਂ ਚੰਗਾ।

ਕਦੇ ਕਦੇ ਉਹ ਆਪਣੇ ਆਪ ਨੂੰ ਤੱਸਲੀ ਜਿਹੀ ਦੇਣ ਲਈ ਸੋਚਦੀ—ਸ਼ਾਇਦ ਮੈਨੂੰ ਹੀ ਭੁਲੇਖਾ ਪਿਆ ਹੋਵੇ ਜਾਂ ਹੋ ਸਕਦਾ ਅੰਦਰਲੇ ਹਨੇਰੇ ਕਰਕੇ, ਮੈਂ ਉਹਦੀ ਪਛਾਣ 'ਚ ਹੀ ਨਾ ਆਂਈ ਹੋਵਾਂ। ...ਪਰ ਕੁਝ ਵੀ ਹੋਵੇ ਅਜਿਹੀ ਕੋਈ ਵੀ ਸੋਚ, ਬਹੁਤੇ ਚਿਰ ਲਈ ਉਹਦੇ ਥਿੜਕੇ ਮਨ ਲਈ ਠੁੰਮਣਾਂ ਨਾ ਬਣਦੀ। ਰੱਤੋ ਕੋਈ ਆਮ ਗੱਲ ਵੀ ਕਰਦੀ ਤਾਂ ਤੇਜੋ ਨੂੰ ਲੱਗਦਾ ਜਿਵੇਂ ਉਹ ਲਾ ਕੇ ਕਹਿ ਰਹੀ ਹੋਵੇ। ਉਸ ਦੀ ਸਾਧਾਰਣ ਤੱਕਣੀ ਵੀ ਉਹਦਾ ਪੋਰਾ ਪੋਰਾ ਪੱਛ ਜਾਂਦੀ।

ਇੰਜ ਦਿਨ ਚੜ੍ਹਦੇ ਤੇ ਢਲਦੇ ਰਹੇ ਪਰ ਘਰ ਵਿਚ ਇਕ ਅਜੀਬ ਜਿਹੀ ਚੁੱਪ ਦਾ ਪਾਸਾਰਾ ਵਧਦਾ ਗਿਆ। ਸੱਤ-ਮਾਂਹ ਪਹਿਲਾਂ ਵਾਪਰੀ ਗੱਲ ਨੂੰ ਰੱਤੋ ਨੇ "ਛੱਡ ਮਨਾਂ ਤੂੰ ਕੀ ਲੈਣਾਂ" ਕਹਿ ਕੇ ਭੁਲਾ ਵਿਸਾਰ ਦਿੱਤਾ ਸੀ ਪਰ ਤੇਜੋ ਦੇ ਮਨ ਵਿਚ ਅਜੇ ਵੀ ਸਭ ਕੁਝ ਸੱਜਰੇ ਪੁੜੇ ਕੰਡੇ ਵਾਂਗ ਰੜਕਦਾ ਸੀ। ਉਹਨੂੰ ਆਪਣਾ ਹੀ ਘਰ ਕਈ ਵਾਰ ਓਪਰਾ ਓਪਰਾ ਲੱਗਦਾ। ਰੱਤੋ ਨੂੰ ਕਿਸੇ ਨਾਲ ਗੱਲਾਂ ਕਰਦਿਆਂ ਵੇਂਹਦੀ ਤਾਂ ਉਹਦਾ ਦਿਲ ਧੜਕਣ ਲੱਗ ਪੈਂਦਾ। ਗੋਹੇ-ਕੂੜੇ ਤੋਂ ਵਿਹਲੀਆਂ ਹੋਈਆਂ ਤੀਵੀਆਂ, ਜਦ ਆਪਣਾ ਥਕੇਵਾਂ ਲਾਹੁਣ ਲਈ, ਪਿੰਡ 'ਚ ਵਾਪਰੇ ਕਿੱਸੇ, ਸਵਾਦ ਲੈ ਲੈ ਸੁਣਾਉਂਦੀਆਂ ਤਾਂ ਤੇਜੋ ਹੁਣ ਮੋਹਰਲੀਆਂ ਵਿਚ ਨਹੀਂ ਸੀ ਹੁੰਦੀ।

ਉਸ ਦਿਨ ਤੋਂ ਅੱਜ ਤੱਕ ਸੋਚਾਂ ਭੱਖੜੇ ਵਾਂਗ, ਉਹਦੇ ਨਾਲ ਚਿੰਬੜੀਆਂ ਰਹੀਆਂ ਸਨ। ਹੁਨਾਲਾ ਸਿਆਲੇ 'ਚ ਵੱਟਿਆ ਤੇ ਸਿਆਲਾ ਪੋਹ ਦੇ ਮਹੀਨੇ ਸਿੱਖਰ ਉੱਤੇ ਪਹੁੰਚ ਗਿਆ ਤੇ ਇੰਜ ਹੀ ਕਈ ਰੰਗ ਵੱਟਦੀਆਂ ਤੇਜ਼ੋ ਦੀਆਂ ਸੋਚਾਂ ਅੱਜ ਦੀ ਘਟਨਾ ਨਾਲ ਸਿਖਰਾਂ ਨੂੰ ਛੂਹ ਗਈਆਂ।

ਗੱਲ ਤਾਂ ਕੁਝ ਵੀ ਨਹੀਂ ਸੀ ਪਰ ਪਤਾ ਨਹੀਂ ਸੁਣ ਕੇ ਕਿਉਂ ਉਹਦਾ ਧੁਰ ਅੰਦਰਲਾ ਕੰਬ ਗਿਆ.ਸੀ। ਰੋਟੀ ਖਾਂਦੀ ਰੱਤੋ ਨੇ ਸਹਿ-ਸੁਭਾ ਹੀ ਪੁਛਿਆ ਸੀ, "ਚਾਚੀ, ਏਸ ਆਰ ਚਾਹੇ ਨੇ ਕਦੋਂ ਆਉਣੈਂ ?" ਤੇ ਚੌਂਕੇ 'ਚ ਪੀੜ੍ਹੀ ਉਤੇ ਬੈਠੀ ਚਾਚੀ ਨੂੰ ਲੱਗਾ ਸੀ ਜਿਵੇਂ ਉਹਦੀ ਪੀੜ੍ਹੀ ਹੇਠਾਂ ਨੂੰ ਨਿਘਰਦੀ ਜਾ ਰਹੀ ਹੋਵੇ। ਕਿੰਨ੍ਹਾਂ ਚਿਰ ਉਹ ਕੁਝ ਬੋਲ ਨਹੀਂ ਸੀ ਸਕੀ ਤੇ ਫੇਰ ਪੀੜ੍ਹੀ ਦੇ ਪਾਵਿਆਂ ਨੂੰ ਘੁੱਟ ਕੇ ਫੜਦੀ ਨੇ ਮਸਾਂ ਹੀ ਪੁਛਿਆ ਸੀ, "ਕਿਉਂ ਕੀ ਗੱਲ ?"

"ਬੱਸ ਉਂਈ ਪੁੱਛਿਆ ਸੀ ਚਾਚੀ। ...ਅੱਗੇ ਚਾਚਾ ਲੋਹੜੀ ਲਾਗੇ ਆਉਂਦਾ ਹੁੰਦੈ—ਮੈਂ ਸੋਚਿਆ ਸ਼ੈਤ ਐਤਕੀ ਵੀ ਆਵੇ।" ਖ਼ਤ ਤਾਂ ਸੱਚਮੁਚ ਹੀ ਉਹਦਾ ਆਇਆ ਸੀ ਕਿ ਲੋਹੜੀ ਤੋਂ ਇਕ ਦੋ ਦਿਨ ਪਹਿਲਾਂ ਘਰ ਪਹੁੰਚ ਜਾਵਾਂਗਾ। ਪਰ ਤੇਜ਼ੋ ਨੇ ਕਿਸੇ ਨੂੰ ਦੱਸਿਆ ਹੀ ਨਹੀਂ ਸੀ। ਹਰੀਏ ਹੱਟੀ ਵਾਲੇ ਤੋਂ ਖ਼ਤ ਪੜ੍ਹਾ ਕੇ ਉਹਨੇ ਚੁੱਲ੍ਹੇ 'ਚ ਡਾਹ ਦਿੱਤਾ ਸੀ ਤੇ ਗੱਲ ਆਪਣੇ ਅੰਦਰ ਘੁੱਟ ਲਈ ਸੀ। ਪਹਿਲਾ ਉਹਦੇ ਆਉਣ ਦੀ ਖ਼ਬਰ ਆਉਂਦੀ ਤਾ ਤੇਜ਼ੋ ਨਵੀਂ ਨਕੋਰ ਬਣ ਜਾਂਦੀ। ਉਹਨੂੰ ਜਾਪਦਾ ਜਿਵੇਂ ਉਹਦੇ ਅੰਦਰ ਨਵਾਂ ਖ਼ੂਨ ਤੁਰ ਪਿਆ ਹੋਵੇ। ਜਿਵੇਂ ਉਹਦੇ ਸ਼ਰੀਰ ਦਾ ਸੇਕ ਵੱਧ ਗਿਆ ਹੋਵੇ, ਜਿਵੇਂ ਉਹਦੇ ਸੌਲੇ ਅੰਗ ਲਿਸ਼ਕੋਰਾਂ ਮਾਰਨ ਲੱਗ ਪਏ ਹੋਣ...ਪਰ ਇਸ ਵਾਰ ? ਇਸ ਵਾਰ ਦੀ ਤਾਂ ਗੱਲ ਹੀ ਹੋਰ ਸੀ।

ਅੱਜ ਦੀ ਘਟਨਾ ਨਾਲ ਤਾਂ ਉਹ ਮੁੱਢੋਂ ਹੀ ਝੰਜੋੜੀ ਗਈ ਸੀ। ਰਾਤ ਅੱਧੀਓਂ ਟੱਪ ਚੁਕੀ ਸੀ, ਪਰ ਜਾਪਦਾ ਸੀ ਜਿਵੇਂ ਨੀਂਦ ਉਸ ਨਾਲ ਰੁਸ ਗਈ ਹੋਵੇ। ਕਕਰੀਲੀ ਰਾਤ 'ਚ ਵੀ ਉਹਨੂੰ ਮੰਜੇ ਉਤੇ ਪਿਆਂ ਪਿਆਂ ਤਰੇਲੀ ਆ ਗਈ। ਉਹ ਉਠ ਕੇ ਝੱਲਿਆਂ ਵਾਂਗ ਕਿੰਨਾ ਚਿਰ ਬੈਠੀ ਕੋਠੇ ਵਿਚਲੇ ਹਨੇਰੇ ਨੂੰ ਘੂਰਦੀ ਰਹੀ ਤੇ ਫੇਰ ਉਹਨੂੰ ਏਸ ਤੋਂ ਭੈਅ ਜਿਹਾ ਆਉਣ ਲੱਗਾ। ਉਹਨੇ ਸਿਰ੍ਹਾਣੇ ਪਏ ਟੂਲ ਉਤੇ ਹੱਥ ਮਾਰ ਕੇ ਡੱਬੀ ਲੱਭੀ ਤੇ ਦੀਵਾ ਬਾਲ ਲਿਆ। ਦੀਵੇ ਦੇ ਹੰਭੇ ਜਿਹੇ ਚਾਨਣ ਵਿਚ, ਉਹਨੇ ਸੁੱਤੀ ਰੱਤੋ ਨੂੰ ਵੇਖਿਆ। ਦਿਨ ਵਿਚ ਜਿਸ ਰੱਤੋ ਤੋਂ ਉਹਨੂੰ ਡਰ ਜਿਹਾ ਆਉਂਦਾ ਸੀ, ਉਸੇ ਉਤੇ ਮੋਹ ਜਿਹਾ ਆਇਆ। ਪਰ ਲਗਾਤਾਰ ਉਹਦੇ ਮੂੰਹ ਵੱਲ ਵੇਂਹਦਿਆਂ, ਉਹਦੀਆਂ ਤਿਊੜੀਆਂ ਕੱਸੀਆਂ ਗੱਲ੍ਹੀਆਂ ਤੇ ਪਲ ਪਹਿਲਾਂ ਰੱਤੋ ਦਾ ਮਾਸੂਮ ਦਿਸਦਾ ਚਿਹਰਾ, ਉਹਨੂੰ ਡਾਢਾ ਹੀ ਮੀਸਣਾਂ ਜਿਹਾ ਲੱਗਾ। ਉਹਦੀ ਸਾਰੀ ਨਫ਼ਰਤ ਇਕੋ ਵਾਰ ਹੀ ਭਬਕ ਪਈ "ਵੱਡੀ ਦੁੱਧ ਧੋਤੀ..." ਉਹ ਮੂੰਹ 'ਚ ਬੁੜਬੜਾਈ ".. ਮਾਂ ਨੇ ਲੰਗਰ ਲਾ ਛੱਡੇ, ਧੀ ਸੁਚਿਆਰਣ ਬਣ ਬੈਠੀ—ਹੂੰਅ।" ਤੇਜ਼ੋ ਨੇ ਸੁੱਤੀ ਰੱਤੋ ਉਤੇ ਗੁੱਸੇ ਨਾਲ ਨੱਕ ਚੜ੍ਹਾਇਆ।

ਤੇ ਅਗਲੀ ਰਾਤ ਉਹ ਗਿਣੀ ਮਿਥੀ ਪੱਕ ਅਨੁਸਾਰ, ਸਰਦਾਰ ਨੂੰ ਉਡੀਕ ਰਹੀ ਸੀ। ਉਡੀਕਦੇ ਪਲਾਂ 'ਚੋਂ ਲੰਘਦਿਆਂ ਉਹਦੀ ਸੋਚ ਨੇ ਸੌਆਂ ਰੰਗ ਬਦਲੇ...ਤੇ ਇਹਨਾਂ ਸੋਚਾਂ 'ਚ ਉਲਝਿਆਂ ਹੀ ਉਹਨੇ ਸਰਦਾਰ ਦੇ ਪੈਰਾਂ ਦੀ ਬਿੜਕ ਵਿਹੜੇ ਵਿਚ ਸੁਣੀ। ਉਹ ਕਾਹਲੀ ਨਾਲ ਮੰਜੇ ਉਤੋਂ ਉਠੀ ਤੇ ਬੂਹਾ ਖੋਲ੍ਹ ਦਿੱਤਾ। ਬਾਹਰ ਨਸ਼ੇ 'ਚ ਝੂਮਦਾ ਸਰਦਾਰ ਖਲੋਤਾ ਸੀ। ਤੇਜ਼ੋ ਨੇ ਸਰਦਾਰ ਅੱਗੇ ਆਪਣੀਆਂ ਬਾਹਾਂ ਖੋਲ੍ਹ ਦਿਤੀਆਂ। ਸਰਦਾਰ ਨੇ ਆਪਣੇ ਉਤਲਾ ਕੰਬਲ ਲਾਹ ਕੇ ਤੇਜ਼ੋ ਦੀਆਂ ਬਾਹਾਂ ਉਤੇ ਰੱਖ ਦਿੱਤਾ।

"ਸਰਦਾਰਾ, ਬੜੀ ਛੇਤੀ ਨਿਮੋਹਿਆ ਹੋ ਗਿਆ ? ਤੇਜ਼ੋ ਨੇ ਕਿਹਾ ਤੇ ਸਰਦਾਰ ਨੇ ਕੁਝ ਬੋਲਣ ਨਾਲੋਂ ਬਸ "ਹੀਂ...ਹੀਂ" ਕਰਕੇ ਹੀ ਸਾਰ ਲਿਆ।

"ਅੰਦਰ ਕਿੱਦਾਂ ?" ਸਰਦਾਰ ਨੇ ਨਸ਼ੀਲੀ ਲੈਅ 'ਚ ਪੁਛਿਆ।

"ਸਭ ਠੀਕ ਐ।" ਤੇਜ਼ੋ ਦੀਆਂ ਅੱਖਾਂ ਵੀ ਹੱਸੀਆਂ।

"ਨਹੀਂ ਰੀਸਾਂ ਤੇਰੀਆਂ ਤੇਜ਼ੋ..." ਤੇ ਨਸ਼ੱਈ ਸਰਦਾਰ ਨੇ ਤੇਜ਼ੋ ਦੀ ਗੱਲ੍ਹ ਦਾ ਅਜਿਹਾ ਬੁਰਕ ਭਰਿਆ ਕਿ ਤੇਜ਼ੋ ਦੀ "ਸੀਅ..." ਕਿੰਨਾ ਚਿਰ ਰਾਤ ਦੀ ਚੁੱਪ ਵਿਚ ਕਾਂਬਾ ਜਿਹਾ ਛੇੜਦੀ ਰਹੀ।

ਸਰਦਾਰ ਦੇ ਅੰਦਰ ਵੜਦਿਆਂ ਹੀ ਤੇਜ਼ੋ ਨੇ ਬਾਹਰੋਂ ਕੁੰਡਾ ਮਾਰ ਦਿੱਤਾ ਤੇ ਆਪ ਕੰਬਲ ਦੀ ਬੁੱਕਲ ਮਾਰ ਪੀੜ੍ਹੀ ਉਤੇ ਬਹਿ ਗਈ। ਸਰਦਾਰ ਨੇ ਆਪਣੀ ਡੱਬ ਵਿਚਲੀ ਬੋਤਲ ਕੱਢੀ, ਚਾਰ ਘੁੱਟਾਂ ਭਰੀਆਂ ਤੇ ਬਾਕੀ ਬਚੀ ਬੋਤਲ ਨੂੰ ਸਿਰਾਣੇਂ ਪਏ ਟੂਲ ਉਤੇ, ਬਲਦੇ ਦੀਵੇ ਲਾਗੇ ਰੱਖ ਦਿਤਾ। ਦੀਵੇ ਦੇ ਚਾਨਣ 'ਚ ਸੁਤੀ ਰੱਤੋ ਦਾ ਚਿਹਰਾ ਕਦੇ ਉਹਨੂੰ ਦੀਪੋ ਵਰਗਾ ਲੱਗਦਾ ਤੇ ਕਦੇ ਉਹਨੂੰ ਇਨ੍ਹਾਂ ਨਕਸ਼ਾਂ ਵਿਚ ਆਪਣੇ ਵੀ ਨਕਸ਼ ਘੁਲੇ ਜਾਪਦੇ। ਇਸ ਸੋਚ ਨਾਲ ਸਰਦਾਰ ਨੂੰ ਆਪਣਾ ਸਾਰਾ ਨਸ਼ਾ ਲੱਥਦਾ ਜਾਪਿਆ। ਉਹਨੇ ਟੂਲ ਤੋਂ ਬੋਤਲ ਚੁਕੀ ਤੇ ਮੂੰਹ ਨੂੰ ਲਾ ਲਈ। ਕੁਝ ਘੁੱਟ ਭਰਕੇ ਬੋਤਲ ਫੇਰ ਉਥੇ ਹੀ ਰਖ ਦਿਤੀ।

ਰੱਤੋ ਖੱਬੀ ਵੱਖੀ ਪਰਨੇ ਹੀਂਅ ਨਾਲ ਪਈ ਸੀ। ਸਰਦਾਰ ਦੂਸਰੇ ਪਾਸਿਉਂ ਰਜਾਈ ਵਿਚ ਤਿਲਕ ਗਿਆ। ਆਪਣੀ ਸੱਜੀ ਬਾਂਹ ਨਾਲ, ਉਹਨੇ ਰੱਤੋ ਦਾ ਮੂੰਹ ਆਪਣੇ ਵੱਲ ਫੇਰਿਆ। ਰੱਤੋ ਨੇ ਪਾਸਾ ਪਰਤਿਆ ਤੇ ਆਪਣੀ ਖੱਬੀ ਬਾਂਹ ਸਰਦਾਰ ਉਤੇ ਰੱਖ ਦਿਤੀ। ਸਰਦਾਰ ਦੇ ਜਾਗੇ 'ਚੋਂ ਸੇਕ ਨਿਕਲਣ ਲੱਗਾ। ਉਹਨੇ ਰੱਤੋ ਨੂੰ ਏਨੀਂ ਜ਼ੋਰ ਦੀ ਘੁਟਿਆ ਕਿ ਉਹਦੀ ਹੂੰਗਰ ਦੇ ਨਾਲ ਹੀ ਜਾਗ ਖੁਲ੍ਹ ਗਈ। "ਚਾਚੀ...ਈ" ਰੱਤੋ ਦੀ ਚੀਕ ਕੱਚੀਆਂ ਕੰਧਾਂ ਨਾਲ ਟਕਰਾਈ ਤੇ ਉਹ ਬੁੜ੍ਹਕ ਕੇ ਰਜਾਈਉਂ ਬਾਹਰ ਹੋ ਗਈ। ਸਰਦਾਰ ਇਸ ਸਭ ਕਾਸੇ ਲਈ ਤਿਆਰ ਨਹੀਂ ਸੀ। ਉਹਨੇ ਤੇ ਸੋਚਿਆ ਤਕ ਵੀ ਨਹੀਂ ਸੀ ਕਿ ਨਿੱਘਾ ਸੇਕ ਇੰਜ ਅੱਗ ਵਾਂਗ ਵੀ ਮੱਚ ਸਕਦਾ।

"ਐਵੇਂ ਕਮਲ ਨਈਂ ਖਲਾਰੀਦਾ," ਸਰਦਾਰ ਨੇ ਰੱਤੋ ਦੀ ਖੱਬੀ ਵੀਣੀਂ ਨੂੰ ਫੜ ਕੇ ਝਟਕਿਆ। ਉਹਨੂੰ ਯਕੀਨ ਸੀ ਕਿ ਚੁੱਲ੍ਹੇ ਦੀ ਅੱਗ ਕਦੇ ਵੀ ਚੌਂਕਿਓਂ ਬਾਹਰੀ ਹੋ ਕੇ ਵੰਗਾਰ ਨਹੀਂ ਬਣਦੀ। (ਬਾਕੀ ਸਫਾ ੧੫ ਉਪਰ)

# ਆਈਨਸਟਾਈਨ ਦੀ ਜਨਮ ਸ਼ਤਾਬਦੀ

— ਅਜਮੇਰ ਰੋਡੇ



ਵਿਗਿਆਨ ਜਗਤ ਵਿੱਚ 1979 ਦਾ ਵਰ੍ਹਾ ਆਇਨਸਟਾਈਨ ਦਾ ਵਰ੍ਹਾ ਹੈ।

ਵੀਹਵੀਂ ਸਦੀ ਦਾ ਸੱਭ ਤੋਂ ਪ੍ਰਸਿੱਧ ਵਿਗਿਆਨੀ — ਕਈਆਂ ਦੀ ਨਜ਼ਰ ਵਿੱਚ ਇਤਿਹਾਸ ਦਾ ਸੱਭ ਤੋਂ ਮਹਾਨ — ਅਲਬਰਟ ਆਈਨਸਟਾਈਨ ਮਾਰਚ 1879 ਨੂੰ ਜਰਮਨੀ ਵਿੱਚ ਪੈਦਾ ਹੋਇਆ। ਉਸਨੂੰ ਦੁਨੀਆਂ ਤੋਂ ਗਿਆਂ ਭਾਵੇਂ ਚੁਥਾਈ ਸਦੀ (1955) ਹੋਣ ਵਾਲੀ ਹੈ, ਉਸ ਦੀ ਹੋਂਦ ਅਜੇ ਵੀ ਉਸੇ ਸ਼ਿੱਦਤ ਨਾਲ ਹਰ ਵਿਸ਼ਵਵਿਦਿਆਲੇ 'ਚ ਹਰ ਪ੍ਰਯੋਗਸ਼ਾਲਾ ਵਿੱਚ ਮਹਿਸੂਸ ਕੀਤੀ ਜਾ ਸਕਦੀ ਹੈ। ਇਸ ਮਹੀਨੇ ਉਸਦੀ ਜਨਮ ਸ਼ਤਾਬਦੀ ਹੈ।

ਜਰਮਨੀ ਤੇ ਹੋਰ ਮੁਲਕ, ਵਿਸ਼ੇਸ਼ ਆਈਨਸਟਾਈਨ ਡਾਕ-ਟਿਕਟਾਂ ਕੱਢ ਰਹੇ ਹਨ; ਵਿਸ਼ੇਸ਼ ਟੀ.ਵੀ. ਅਤੇ ਰੇਡੀਓ ਪ੍ਰੋਗਰਾਮ ਚੱਲ ਰਹੇ ਹਨ। ਅਮਰੀਕਾ ਵਿੱਚ ਵਿਗਿਆਨ ਦੀ ਨੈਸ਼ਨਲ ਅਕਾਦਮੀ ਨੇ ਆਈਨਸਟਾਈਨ ਦਾ ਇੱਕ ਵਿਸ਼ੇਸ਼ ਬੁੱਤ ਤਿਆਰ ਕਰਵਾਇਆ ਹੈ। ਤਾਂਬੇ ਦੇ ਇਸ 12 ਫੁੱਟ ਉੱਚੇ ਬੁੱਤ ਵਿੱਚ ਆਈਨਸਟਾਈਨ ਨੂੰ ਇੱਕ ਪੁਸਤਕ ਫੜੀ ਬੈਠਾ ਵਿਖਾਇਆ ਗਿਆ ਹੈ; ਇਸ ਨੂੰ ਅਪਰੈਲ ਵਿੱਚ ਵਾਸ਼ਿੰਗਟਨ ਦੇ ਕਾਂਸਟੀਚਿਊਸ਼ਨ ਐਵੇਨਿਊ ਵਿੱਚ ਲਾਇਆ ਜਾਵੇਗਾ। ਬੁਤਘਾੜੇ ਰਾਬਰਟ ਬਰੁੱਕ ਅਨੁਸਾਰ ਇਸ ਬੁੱਤ ਦੀ ਉਮਰ 5 ਹਜ਼ਾਰ ਸਾਲ ਹੋਵੇਗੀ ਤੇ ਆਉਣ ਵਾਲੀਆਂ ਸਦੀਆਂ ਵਿੱਚ ਇਹ ਨੌਜਵਾਨਾਂ ਨੂੰ ਵਿਗਿਆਨਕ ਖੋਜ ਲਈ ਪ੍ਰੇਰਨਾ ਦੇਵੇਗਾ। ਪਰ ਹੋਰ ਕਈ ਵਿਗਿਆਨੀ ਇਸ ਬੁੱਤ ਦੇ ਵੱਡੇ ਕੱਦ (ਕੱਦ ਹੋਇਆ 12 ਫੁੱਟ!), ਇਸ ਦੀ ਲਾਗਤ - 16 ਲੱਖ ਡਾਲਰ - ਅਤੇ ਇਸਦੇ ਪ੍ਰਭਾਵ ਨਾਲ ਸਹਿਮਤ ਨਹੀਂ। ਨਤੀਜੇ ਵਜੋਂ ਅਮਰੀਕਾ ਵਿੱਚ ਇਸ'ਤੇ ਬਹਿਸ ਛਿੜ ਪਈ ਹੈ।

ਇਜ਼ਰਾਈਲ ਦੀ ਯੂਨੀਵਰਸਿਟੀ ਜ਼ੈਰੂਸਲਮ ਵਿੱਚ ਚੋਟੀ ਦੇ ਵਿਦਵਾਨ ਇਕੱਠੇ ਹੋ ਰਹੇ ਹਨ — ਵੀਹਵੀਂ ਸਦੀ ਉੱਤੇ ਆਈਨਸਟਾਈਨ ਦਾ ਪ੍ਰਭਾਵ ਵਿਚਾਰਨ ਲਈ। ਜੀਂ ਪਿਆਜ਼ੇ (JEAN PIAGET) ਮਨੋਵਿਗਿਆਨ ਉੱਤੇ, ਮਾਇਰ ਸ਼ਪਾਇਰੋ ਵੀਹਵੀਂ ਸਦੀ ਦੀ ਕਲਾ ਉੱਤੇ, ਕੈਨਥ ਐਰੋ ਇਕਨਾਮਿਕਸ ਉੱਤੇ ਅਤੇ ਹੋਰ ਕਿੰਨੇ ਹੀ ਵਿਦਵਾਨ ਫ਼ਿਲਾਸਫ਼ੀ, ਧਰਮ, ਰਾਜਨੀਤੀ, ਸਾਹਿਤ ਆਦਿ ਉੱਤੇ ਆਇਨਸਟਾਈਨ ਦੇ ਪ੍ਰਭਾਵ ਬਾਰੇ ਖੋਜ ਭਰਪੂਰ ਪੇਪਰ ਪੜ੍ਹੇ ਜਾ ਰਹੇ ਹਨ। ਪੱਛਮੀ ਅਮਰੀਕਾ, ਰੂਸ, ਭਾਰਤ, ਚੀਨ, ਇੰਗਲੈਂਡ ਅਤੇ ਹੋਰ ਦੇਸ਼ਾਂ ਵਿੱਚ ਆਈਨਸਟਾਈਨ ਸ਼ਤਾਬਦੀ ਆਪਣੇ ਆਪਣੇ ਢੰਗ ਨਾਲ ਮਨਾਈ ਜਾ ਰਹੀ ਹੈ। ਇਤਿਹਾਸ 'ਚ ਪਹਿਲਾਂ ਇਸ ਪੱਧਰ ਉੱਤੇ ਕਦੇ ਕਿਸੇ ਵਿਗਿਆਨੀ ਦੀ ਯਾਦ ਨਹੀਂ ਮਨਾਈ ਗਈ। ਪਰ ਆਈਨਸਟਾਈਨ ਦੇ ਇਹਨਾਂ ਪ੍ਰਭਾਵਾਂ ਦਾ ਮੂਲ ਧੁਰਾ ਤਾਂ ਉਸ ਦੀਆਂ ਵਿਗਿਆਨਕ ਖੋਜਾਂ ਹੀ ਹਨ। ਇਹ ਖੋਜਾਂ ਕੀ ਹਨ ਅਤੇ ਕਿੰਨੀਆਂ ਅਹਿਮ ਸਨ — ਹੁਣ ਅਸੀਂ ਸਾਦੇ ਸ਼ਬਦਾਂ ਵਿੱਚ ਇਨ੍ਹਾਂ ਨੂੰ ਵਿਚਾਰਨ ਦਾ ਯਤਨ ਕਰਦੇ ਹਾਂ — ਅਤਿ ਨਿਗੂਣਾ ਜਿਹਾ ਯਤਨ।

ਆਈਨਸਟਾਈਨ ਦੇ ਮਹੱਤਵ ਦਾ ਸੁਪਰਮੈਨ ਵਾਲਾ ਰੋਅਬ ਉਸਦੇ ਸਿਧਾਂਤ ਵਿਆਪਕ ਸਾਪੇਖਤਾ (GENERAL RELATIVITY) ਸਦਕਾ ਹੈ। ਇਸ ਸਿਧਾਂਤ ਰਾਹੀਂ ਆਈਨਸਟਾਈਨ ਨੇ ਪਹਿਲੀ ਵਾਰੀ (FOURTH DIMENSION) ਚੌਥੀ ਦਿਸ਼ਾ ਦਾ ਸੰਕਲਪ ਦਿੱਤਾ ਤੇ ਭੌਤਿਕ ਵਿਸ਼ਵ ਦੀ ਇੱਕ ਨਵੀਂ ਤੇ ਸੰਪੂਰਣ ਤਸਵੀਰ ਪੇਸ਼ ਕੀਤੀ। ਇਸ ਸਿਧਾਂਤ ਨਾਲ ਹੀ ਨਿਊਟਨ ਦਾ ਗੁਰੂਤਾ ਆਕਰਸ਼ਣ (GRAVITATION) ਸਿਧਾਂਤ, ਜਿਸ ਅਨੁਸਾਰ ਧਰਤੀ ਵਸਤਾਂ ਨੂੰ ਆਪਣੇ ਵੱਲ ਖਿੱਚਦੀ ਹੈ, ਨਿਰਮੂਲ ਸਾਬਤ ਹੋਇਆ। ਆਈਨਸਟਾਈਨ ਅਨੁਸਾਰ ਧਰਤੀ ਵਸਤਾਂ ਨੂੰ ਆਪਣੇ ਵੱਲ ਨਹੀਂ ਖਿੱਚਦੀ, ਸਗੋਂ ਵਸਤਾਂ ਸਮੇਂ-ਪੁਲਾੜ ਵਿੱਚ ਆਪਣੇ ਵਿਸ਼ੇਸ਼ ਪਰਿਕਰਮਾਂ-ਪੱਥਾਂ 'ਤੇ ਚਲਦੀਆਂ ਹਨ।

ਪਰ ਜੇ ਆਈਨਸਟਾਈਨ ਦੁਨੀਆਂ ਨੂੰ ਵਿਆਪਕ ਸਾਪੇਖਤਾ ਸਿਧਾਂਤ ਨਾ ਵੀ ਦਿੰਦਾ ਤਾਂ ਵੀ ਉਹ ਸਹਿਜੇ ਹੀ ਵੀਹਵੀਂ ਸਦੀ ਦਾ ਸੱਭ ਤੋਂ ਮਹਾਨ ਵਿਗਿਆਨੀ ਹੁੰਦਾ। ਇਸਦਾ ਕਾਰਣ ਉਸ ਦਾ ਵਿਸ਼ੇਸ਼ (SPECIAL RELATIVITY) ਸਿਧਾਂਤ ਹੈ — ਜਿਸ ਰਾਹੀਂ ਉਸਨੇ ਸਦੀਆਂ ਤੋਂ ਚਲੇ ਆ ਰਹੇ ਸਮੇਂ ਅਤੇ ਪੁਲਾੜ ਦੇ ਨਿਰਪੇਖ (ABSOLUTE) ਸੰਕਲਪਾਂ ਨੂੰ ਬਦਲਕੇ ਸਾਪੇਖ (RELATIVE) ਬਣਾ ਦਿੱਤਾ; ਗਣਿਤ ਦੇ ਪੱਖੋਂ ਆਈਨਸਟਾਈਨ ਦਾ ਇਹ ਕੰਮ ਸਭ ਤੋਂ ਮਹਾਨ ਕਿਹਾ ਜਾ ਸਕਦਾ ਹੈ। ਇਸ ਸਿਧਾਂਤ ਨਾਲ ਹੀ ਆਈਨਸਟਾਈਨ ਨੇ ਆਪਣੀ ਪ੍ਰਸਿੱਧ ਸਮੀਕਰਣ, $E = mc^2$ ਦਿੱਤੀ, ਜਿਸ ਅਨੁਸਾਰ ਮਾਦਾ ਅਤੇ ਊਰਜਾ (ENERGY) ਇੱਕ ਦੂਜੇ ਵਿੱਚ ਬਦਲ ਜਾਂਦੇ ਹਨ। ਇਸ ਸਦਕਾ ਹੀ ਆਈਨਸਟਾਈਨ ਨੂੰ ਪ੍ਰਮਾਣੂ ਯੁੱਗ (ATOMIC AGE) ਦਾ ਪਿਤਾ ਮੰਨਿਆ ਜਾਂਦਾ ਹੈ।

ਪਰ ਜੇ ਆਈਨਸਟਾਈਨ ਵਿਸ਼ੇਸ਼ ਸਾਪੇਖਤਾ ਵੀ ਨਾ ਦਿੰਦਾ ਤਾਂ ਵੀ ਉਹ ਵੀਹਵੀਂ ਸਦੀ ਦੇ ਚੋਟੀ ਦੇ ਵਿਗਿਆਨੀਆਂ ਵਿਚੋਂ ਇੱਕ ਹੁੰਦਾ। ਇਹ ਉਸਦੀ ਕੁਆਂਟਮ ਸਿਧਾਂਤ (QUANTUM THEORY) ਉੱਤੇ ਖੋਜ ਕਰਕੇ ਹੈ। ਕੁਆਂਟਮ ਸਿਧਾਂਤ ਨੂੰ (ਇਸ ਦੇ ਜਨਮਦਾਤੇ ਮੈਕਸ ਪਲੈਂਕ ਪਿੱਛੋਂ) ਆਈਨਸਟਾਈਨ ਨੇ ਹੀ ਪੱਕੇ ਪੈਰਾਂ 'ਤੇ ਖੜ੍ਹਾ ਕੀਤਾ — ਫੋਟੋ ਇਲੈਕਟ੍ਰਿਕ ਇਫੈਕਟ ਅਤੇ ਫੋਟੋਨ (PHOTON) ਵਰਗੇ ਸਿਧਾਂਤ ਸਿਰਜੇ। ਇਹਨਾਂ ਸਿਧਾਂਤਾਂ ਨੇ ਭੌਤਿਕ ਵਿਗਿਆਨ ਵਿੱਚ ਐਹੀਆਂ ਸਮੱਸਿਆਵਾਂ ਨੂੰ ਜਨਮ ਦਿੱਤਾ, ਜਿਨ੍ਹਾਂ ਨੂੰ ਸੁਲਝਾਉਣ ਖ਼ਾਤਰ ਵਿਗਿਆਨੀ ਕਈ ਦਹਾਕੇ ਲੱਗੇ ਰਹੇ। ਅੱਜਕਲ ਲੇਜ਼ਰ (LASER) ਦੀ ਕਾਢ ਤੇ ਅਨੇਕਾਂ ਅਜਿਹੀਆਂ ਚੀਜ਼ਾਂ ਆਈਨਸਟਾਈਨ ਦੇ ਇਸ ਖੇਤਰ ਵਿੱਚ ਕੰਮ ਸਦਕਾ ਹੀ ਹਨ।

ਤੇ ਜੇ ਆਈਨਸਟਾਈਨ ਕੁਆਂਟਮ ਸਿਧਾਂਤ 'ਤੇ ਵੀ ਕੰਮ ਨਾ ਕਰਦਾ ਤਾਂ ਵੀ ਉਹ ਭੌਤਿਕ ਵਿਗਿਆਨ ਵਿੱਚ ਨੋਬਲ ਪੁਰਸਕਾਰ ਜੇਤੂ ਵਿਗਿਆਨੀ ਹੁੰਦਾ। ਉਸ ਨੂੰ ਨੋਬਲ ਇਨਾਮ ਇੱਕ ਹੋਰ ਵਿਸ਼ੇ (KINETIC THEORY OF MATTER) ਉੱਤੇ ਪੇਪਰ ਲਿਖਣ ਸਦਕਾ ਮਿਲਿਆ ਸੀ। ਆਈਨਸਟਾਈਨ ਦੀ ਗੱਲ ਕਰਨ ਲੱਗਿਆਂ ਲੇਖਕ ਉਸਦੇ ਨੋਬਲ ਇਨਾਮ ਵਾਲੀ ਖੋਜ ਨੂੰ ਅਕਸਰ ਭੁੱਲ ਹੀ ਜਾਂਦੇ ਹਨ।

ਸੋ ਇਹੋ ਜਿਹਾ ਕੁਛ ਸੀ ਜੋ ਆਈਨਸਟਾਈਨ ਦੇ ਮਹੱਤਵ ਵਿਚੋਂ ਝਲਕਿਆ। ਪਰ ਇਥੇ ਸਾਨੂੰ ਇਹ ਪ੍ਰਭਾਵ ਨਹੀਂ ਲੈਣਾ ਚਾਹੀਦਾ ਕਿ ਆਈਨਸਟਾਈਨ ਸੱਚਮੁੱਚ ਹੀ ਕੋਈ ਸੁਪਰਮੈਨ ਸੀ; ਉਸਦੇ ਦਿਮਾਗ਼ ਦੀ ਕੋਈ ਸੀਮਾ ਨਹੀਂ ਸੀ। ਆਪਣੀ ਪਿਛਲੀ ਉਮਰ ਵਿੱਚ ਉਹ ਇੱਕ ਹੋਰ ਸਿਧਾਂਤ 'UNIFIED FIELD THEORY' ਉੱਤੇ ਲਗਾਤਾਰ ਕਈ ਸਾਲ ਕੰਮ ਕਰਦਾ ਰਿਹਾ-ਇਕੱਲਾ ਹੀ; ਪਰ ਉਸਨੂੰ ਸਫਲਤਾ ਨਾ ਹੋਈ (ਨਾਂ ਹੀ ਉਸ ਪਿੱਛੋਂ ਕਿਸੇ ਹੋਰ ਨੂੰ ਹੋਈ, ਕਈ ਵਿਗਿਆਨੀ ਇਸ ਕੰਮ ਨੂੰ ਮੁੱਢ ਤੋਂ ਹੀ ਨਿਰਰਥਕ ਸਮਝਦੇ ਸਨ)। ਉਸ ਦੇ ਕੁਆਂਟਮ ਸਿਧਾਂਤ ਪਿੱਛੋਂ ਵਿਗਿਆਨ ਵਿੱਚ ਇੱਕ ਗੰਭੀਰ ਸਮੱਸਿਆ ਪੈਦਾ ਹੋਈ: ਰੋਸ਼ਨੀ ਲਹਿਰਾਂ ਵਿੱਚ ਵਿਚਰਦੀ ਹੈ ਜਾਂ ਅਣੂਆਂ ਵਿੱਚ? (WAVE-PARTICLE DUALITY) — ਇਸ ਸਮੱਸਿਆ ਦਾ ਹੱਲ ਦੂਜੇ ਵਿਗਿਆਨੀਆਂ ਨੇ ਹੀ ਲੱਭਿਆ (ਕੁਆਂਟਮ ਮਕੈਨਿਕਸ ਰਾਹੀਂ), ਜਿਸ ਨਾਲ ਆਈਨਸਟਾਈਨ ਸਾਰੀ ਉਮਰ ਸਹਿਮਤ ਨਾ ਹੋਇਆ ਤੇ ਨਾ ਹੀ ਆਪਣਾ ਕੋਈ ਹੋਰ ਹੱਲ ਪੇਸ਼ ਕਰ ਸਕਿਆ। ਪਰ ਇਸਦੇ ਬਾਵਜੂਦ ਇਤਿਹਾਸ ਵਿੱਚ ਨਿਊਟਨ ਪਿੱਛੋਂ ਆਈਨਸਟਾਈਨ ਹੀ ਹੈ ਜਿਸਨੇ ਵਿਗਿਆਨ ਦੇ ਹਰ ਪੱਖ 'ਤੇ ਡੂੰਘਾ ਅਸਰ ਪਾਇਆ।

ਪ੍ਰਕਿਰਤੀ ਦੇ ਮੁੱਢਲੇ ਧੁਰੇ ਤਿੰਨ ਹਨ: ਪੁਲਾੜ, ਸਮਾਂ ਅਤੇ ਪਦਾਰਥ। ਆਈਨਸਟਾਈਨ ਨੇ ਇਨ੍ਹਾਂ ਤਿੰਨਾਂ ਬਾਰੇ ਹੀ ਪਿਛਲੇ ਸੰਕਲਪ

ਵੱਢ ਕਰਕੇ ਨਵੇਂ ਕ੍ਰਾਂਤੀਕਾਰੀ ਸੰਕਲਪਾਂ ਦੀ ਸਿਰਜਣਾ ਕੀਤੀ।

ਉਂਜ ਆਈਨਸਟਾਈਨ ਦੀ ਮੁੱਢਲੀ ਜ਼ਿੰਦਗੀ ਕੋਈ ਕ੍ਰਿਸ਼ਮਿਆਂ ਭਰੀ ਨਹੀਂ ਸੀ। ਬੋਲਣਾਂ ਉਸ ਨੇ ਤਿੰਨ ਸਾਲ ਦੀ ਉਮਰ ਵਿਚ ਸਿੱਖਿਆ- ਪ੍ਰਾਇਮਰੀ ਸਕੂਲ ਵਿਚ ਉਹ ਸਾਧਾਰਣ ਵਿਦਿਆਰਥੀ ਰਿਹਾ। ਹਾਈ ਸਕੂਲ ਡਿਪਲੋਮਾ ਕਰਨ ਤੋਂ ਬਿਨਾਂ ਹੀ ਛੱਡ ਦਿੱਤਾ। ਆਈਨਸਟਾਈਨ ਦੇ ਉਸਤਾਦ ਉਸਨੂੰ ਨਿਕੰਮਾ ਵਿਦਿਆਰਥੀ ਸਮਝਦੇ ਸਨ-ਕਲਾਸਾਂ ਮਿੱਸ ਕਰਨ ਵਾਲਾ; ਉਹ ਉਸਦੇ ਅੰਦਰਲੀ ਸਿਰਜਣਾਤਮਕ ਸ਼ਕਤੀ ਤੋਂ ਅਣਜਾਣ ਹੀ ਰਹੇ। ਪਰ ਵੇਖਣ ਵਾਲੀ ਅੱਖ ਉਸਨੂੰ ਪੰਜ ਸਾਲ ਦੀ ਉਮਰ ਤੋਂ ਹੀ ਪਛਾਣ ਸਕਦੀ ਸੀ। ਉਹ ਕਲਾਸਾਂ ਮਿੱਸ ਕਰਕੇ ਅਕਸਰ ਚੋਰੀ ਚੋਰੀ ਗਣਿਤ ਤੇ ਫ਼ਿਲਾਸਫ਼ੀ ਪੜ੍ਹਦਾ ਜਾਂ ਫਿਰ ਵਾਇਲਨ ਤੇ ਪਿਆਨੋ ਵਜਾਉਣ ਲੱਗਾ ਰਹਿੰਦਾ। ਉਹ ਤੇਰਾਂ ਸਾਲ ਦੀ ਉਮਰ ਵਿਚ ਹੀ ਕਾਂਤ ਦੀ ਫ਼ਿਲਾਸਫ਼ੀ ਦਿਲਚਸਪੀ ਨਾਲ ਪੜ੍ਹਦਾ ਸੀ। ਅੰਤ ਉਸਨੇ ਟੈਕਨੀਕਲ ਵਿਚ ਡਿਗਰੀ ਹਾਸਲ ਕਰਕੇ ਅਤਿ ਮੁਸ਼ਕਲ ਨਾਲ ਇਕ ਪੇਟੈਂਟ ਦੀ ਨੌਕਰੀ ਲੱਭੀ ਜਿਸ 'ਤੇ ਉਹ ਨੌਂ ਸਾਲ ਟਿਕਿਆ ਰਿਹਾ। ਇਸ ਕੰਮ ਦੇ ਦੌਰਾਨ ਹੀ ਉਹ ਵਿਗਿਆਨ ਦੀਆਂ ਖੋਜਾਂ 'ਤੇ ਕੰਮ ਕਰਦਾ ਰਿਹਾ, ਜਿਸ ਨਾਲ ਉਸਨੂੰ ਪੀ. ਐਚ. ਡੀ. ਦੀ ਡਿਗਰੀ ਵੀ ਮਿਲ ਗਈ। ਤੇ ਜਦ ਉਸਨੇ 1905 ਵਿਚ ਇਕੱਠੇ ਹੀ ਤਿੰਨ ਅਸਧਾਰਣ ਪੇਪਰ ਛਾਪੇ (ਇਕੋ ਪਰਚੇ ਵਿਚ) ਤਾਂ ਸਾਰੇ ਵਿਗਿਆਨ ਜਗਤ ਨੂੰ ਹੈਰਾਨੀ ਵਿਚ ਡੋਬ ਦਿੱਤਾ; ਇਸ ਸਮੇਂ ਉਹ ਅਜੇ ਪੇਟੈਂਟ ਕਲਰਕ ਦਾ ਹੀ ਕੰਮ ਕਰਦਾ ਸੀ। ਇਸ ਪਿਛੋਂ ਉਹ ਕੁਝ ਸਾਲਾਂ ਵਿਚ ਹੀ ਜਗਤ ਪ੍ਰਸਿੱਧ ਵਿਗਿਆਨੀ ਬਣ ਗਿਆ।



ਮਾਜਾ (ਛੋਟੀ ਭੈਣ) ਤੇ ਆਈਨਸਟਾਈਨ

ਆਈਨਸਟਾਈਨ ਦੇ ਸੁਭਾ ਵਿਚ ਦੋ ਗੱਲਾਂ ਬਚਪਨ ਤੋਂ ਹੀ ਸਪਸ਼ਟ ਰਹੀਆਂ ਹਨ। ਇਕ ਤਾਂ ਉਸ ਨੂੰ ਪਹਿਲਾਂ ਤੋਂ ਹੀ ਪਤਾ ਸੀ ਉਸਦੀ ਰੁਚੀ ਕਿਸ ਪਾਸੇ ਵੱਲ ਹੈ; ਉਸਨੇ ਕਿਸ ਖੇਤਰ ਵਿਚ ਕਰਨਾ ਹੈ ਤੇ ਅੰਤ ਤੱਕ ਉਹ ਉਸੇ ਖੇਤਰ (ਭੌਤਿਕ ਵਿਗਿਆਨ) ਵਿਚ ਹੀ ਕੰਮ ਕਰਦਾ ਰਿਹਾ। ਦੂਜੇ ਉਸ ਅੰਦਰ ਸੁਤੰਤਰਤਾ ਦਾ ਜਜ਼ਬਾ ਬਹੁਤ ਤੀਬਰ ਸੀ- ਸੈਨਾਵਾਦ ਅਤੇ ਨਿਰਅਰਥ ਹੁਕਮਾਂ ਦੀ ਉਸ ਲਈ 'ਹੁਕਮ ਮੰਨਣਾ' ਬਹੁਤ ਔਖਾ ਸੀ। ਆਪਣੀਆਂ ਖੋਜਾਂ ਰਾਹੀਂ ਉਸਨੇ ਸਾਰੇ ਸਥਾਪਤ ਸਿਧਾਂਤਾਂ ਨੂੰ ਚੁਣੌਤੀ ਦਿੱਤੀ ਅਤੇ ਨਵੇਂ ਸਿਰਿਉਂ ਸਿਰਜਿਆ। ਸਕੂਲ ਵਿਚ ਉਸਨੇ ਹਮੇਸ਼ਾਂ ਕਰੜੇ ਡਿਸਿਪਲਿਨ ਦੇ ਖ਼ਿਲਾਫ਼ ਬਗ਼ਾਵਤ ਕੀਤੀ। ਮਿਲਟਰੀ ਦੇ ਉੱਚ-ਅਫ਼ਸਰਾਂ 'ਤੇ ਉਸਨੂੰ ਤਰਸ ਆਉਂਦਾ ਸੀ। ਦੂਜੇ ਯੁੱਧ ਸਮੇਂ ਹਿਟਲਰ ਨੇ ਯਹੂਦੀ ਨਸਲ 'ਤੇ ਹਮਲੇ ਕਰਨ ਤੋਂ ਪਹਿਲਾਂ ਆਪਣੇ ਦੇਸ਼ ਵਿਚ ਸਾਰੇ ਵਿਗਿਆਨੀਆਂ ਨੂੰ ਦਸਤਖਤ ਕਰਨ ਲਈ ਕਿਹਾ — ਸਭ ਨੇ ਕੀਤੇ, ਸਿਵਾਏ ਆਈਨਸਟਾਈਨ ਦੇ। ਜਿਸ ਦੇ ਫਲਸਰੂਪ ਉਸਨੂੰ ਜਰਮਨੀ ਤੋਂ ਚੋਰੀ ਭੱਜਕੇ ਅਮਰੀਕਾ ਜਾਣਾ ਪਿਆ। ਅਮਰੀਕਾ ਵਿਚ ਜਦ 'ਮੈਕਾਰਥੀਵਾਦ' ਦੇ ਸਮੇਂ ਵਿਚ ਵਿਗਿਆਨੀਆਂ ਤੇ ਸਖ਼ਤ ਪਾਬੰਦੀ ਲੱਗ ਗਈ ਤਾਂ ਆਈਨਸਟਾਈਨ ਨੇ ਵਿਗਿਆਨੀਆਂ ਨੂੰ ਸਰਕਾਰ ਦਾ ਦਬਾਅ ਮੰਨਣ ਦੀ ਬਜਾਇ ਜੇਲ੍ਹ ਜਾਣਾ ਮੰਨਜ਼ੂਰ ਕਰਨ ਦੀ ਪ੍ਰੇਰਣਾ ਦਿੱਤੀ। ਮਕਾਰਥੀ ਨੇ ਉਸਨੂੰ ਅਮਰੀਕਾ ਦਾ 'ਨੰਬਰ ਵੰਨ' ਦੁਸ਼ਮਣ ਕਿਹਾ। ਠੰਡੀ ਜੰਗ ਦੇ ਦੌਰਾਨ ਉਸਨੇ ਅਮਰੀਕਾ ਦੀ ਹਮੇਸ਼ਾ ਸਖ਼ਤ ਆਲੋਚਨਾ ਕੀਤੀ; ਇਕ ਤੋਂ ਵੱਧ ਵੇਰ ਪਬਲਿਕ ਵਿਚ ਲੈਨਿਨ ਨੂੰ ਮਹਾਨ ਮਨੁੱਖ ਦੱਸਿਆ। ਅਖੌਤੀ 'ਸਿਹਤਮੰਦ ਮੁਕਾਬਲਾ' (HEALTHY COMPETITION) ਨਾਲ ਉਸਨੂੰ ਚਿੜ ਸੀ- ਉਸਨੇ ਪਿਛੋਂ ਆਕੇ ਖੁੱਲਮਖੁੱਲ੍ਹਾ ਸਮਾਜਵਾਦ ਦੇ ਹੱਕ ਵਿਚ ਲਿਖਿਆ (ਉਂਜ ਰੂਸ ਦੀ ਸਰਕਾਰ ਨਾਲ ਭਾਵੇਂ ਉਹ ਪੂਰੀ ਤਰ੍ਹਾਂ ਸਹਿਮਤ ਨਹੀਂ ਸੀ)। ਉਸ ਸਮੇਂ ਅਮਰੀਕਾ ਵਿਚ ਇਹੋ ਜਿਹੀਆਂ ਗੱਲਾਂ ਬਹੁਤ ਖ਼ਤਰਨਾਕ ਸਨ- ਪਰ ਆਈਨਸਟਾਈਨ ਕਿਸੇ ਕੀਮਤ 'ਤੇ ਵੀ ਕਿਸੇ ਸਰਕਾਰ ਦਾ ਦਬਾਅ ਮੰਨਣ ਨੂੰ ਤਿਆਰ ਨਹੀਂ ਸੀ।

ਦੂਸਰੇ ਯੁੱਧ ਦੇ ਆਰੰਭ ਵਿਚ ਕੁਝ ਅਮਰੀਕਨ ਵਿਗਿਆਨੀਆਂ ਦੇ ਪ੍ਰੇਰਣ ਸਦਕਾ ਉਸਨੇ ਪ੍ਰਧਾਨ ਰੂਜ਼ਵੈਲਟ ਨੂੰ ਇਕ ਚਿੱਠੀ ਲਿਖੀ ਜਿਸ ਵਿਚ ਐਟਮ ਬੰਬ ਬਨਾਉਣ ਬਾਰੇ ਸਲਾਹ ਦਿੱਤੀ- ਇਸ ਡਰੋਂ ਕਿ ਜਰਮਨੀ ਐਟਮਬੰਬ ਪਹਿਲਾਂ ਨਾ ਤਿਆਰ ਕਰ ਲਵੇ। ਪਰ ਪਿਛੋਂ ਜਦੋਂ ਹੀਰੋਸ਼ੀਮਾ ਅਤੇ ਨਾਗਾਸਾਕੀ ਸ਼ਹਿਰਾਂ 'ਤੇ ਐਟਮ ਬੰਬ ਸੁੱਟੇ ਤਾਂ ਆਈਨਸਟਾਈਨ ਖ਼ਬਰ ਸੁਣਦਿਆਂ ਹੀ ਬਿਮਾਰ ਹੋ ਗਿਆ ਤੇ ਉਸ ਚਿੱਠੀ ਨੂੰ ਆਪਣੀ ਜ਼ਿੰਦਗੀ ਦੀ "ਸਭ ਤੋਂ ਵੱਡੀ ਗਲਤੀ" ਮੰਨਦਾ ਰਿਹਾ- ਜਦੋਂ ਜਪਾਨ ਦਾ ਨੋਬਲ ਵਿਗਿਆਨੀ ਯੁਕਾਵਾ ਉਸਨੂੰ ਮਿਲਣ ਗਿਆ ਤਾਂ ਆਈਨਸਟਾਈਨ ਦੀਆਂ ਅੱਖਾਂ ਵਿਚ ਅੱਥਰੂ ਆ ਗਏ ਤੇ ਉਸਨੇ ਜ਼ਾਤੀ ਤੌਰ 'ਤੇ ਉਸ ਕੋਲੋਂ ਮੁਆਫ਼ੀ ਮੰਗੀ। ਇਸ ਪਿਛੋਂ ਉਹ ਦੁਨੀਆਂ ਵਿਚ ਅਮਨ ਲਈ ਸਾਰੀ ਉਮਰ ਸਰਗਰਮ ਰਿਹਾ ਇਸ ਗੱਲ ਦਾ ਅੰਦਾਜ਼ਾ ਉਸਦੀਆਂ ਫਰਾਇਡ, ਬਰਟਰੈਂਡ ਰਸਲ, ਗਾਂਧੀ, ਨਹਿਰੂ ਅਤੇ ਅਨੇਕਾਂ ਹੋਰ ਲੋਕਾਂ ਨੂੰ ਲਿਖੀਆਂ ਚਿੱਠੀਆਂ ਤੋਂ ਲਾਇਆ ਜਾ ਸਕਦਾ ਹੈ।

ਵਿਗਿਆਨਕ ਖੋਜਾਂ ਦੇ ਨਾਲ ਨਾਲ ਆਈਨਸਟਾਈਨ ਨੇ ਅਨੇਕਾਂ ਹੋਰ ਵਿਸ਼ਿਆਂ ਉਤੇ ਲਿਖਿਆ ਤੇ ਦੂਜੇ ਵਿਦਵਾਨਾਂ, ਲੇਖਕਾਂ ਨਾਲ ਵਿਚਾਰ ਵਟਾਂਦਰਾ ਕੀਤਾ। ਰਬਿੰਦਰਨਾਥ ਟੈਗੋਰ ਨਾਲ ਉਸਦੀਆਂ ਦੋ ਮੁਲਾਕਾਤਾਂ ਹੋਈਆਂ, ਜਿਨਾਂ ਵਿਚ ਉਸਨੇ ਫ਼ਲਸਫ਼ੇ, ਵਿਗਿਆਨ ਤੇ ਸੰਗੀਤ ਉਤੇ ਗੱਲਬਾਤ ਕੀਤੀ। ਟੈਗੋਰ ਨੂੰ ਵਿਗਿਆਨ ਦਾ ਡੂੰਘਾ ਗਿਆਨ ਸੀ ਅਤੇ ਆਈਨਸਟਾਈਨ ਨੂੰ ਸੰਗੀਤ ਨਾਲ ਡੂੰਘਾ ਮੋਹ ਸੀ। (ਉਹ ਜਦ ਵੀ ਕਿਸੇ ਕਾਨਫ਼ਰੰਸ ਜਾਂ ਦੌਰੇ ਲਈ ਜਾਂਦਾ ਤਾਂ ਆਪਣੀ ਵਾਇਲਨ ਹਮੇਸ਼ਾ ਨਾਲ ਰੱਖਦਾ। ਮੋਜ਼ਾਰਟ ਉਸਦਾ ਸਭ ਤੋਂ ਪਿਆਰਾ ਕੰਪੋਜ਼ਰ ਸੀ)



ਆਈਨਸਟਾਈਨ ਦੀਆਂ ਅਜੇ ਕਿੰਨੀਆਂ ਹੀ ਲਿਖਤਾਂ ਅਣਛਪੀਆਂ ਪਈਆਂ ਹਨ। ਇਸ ਸ਼ਤਾਬਦੀ ਦਾ ਇਕ ਮੰਤਵ ਇਹ ਵੀ ਹੈ ਕਿ ਉਸਦੀਆਂ ਸਾਰੀਆਂ ਲਿਖਤਾਂ ਨੂੰ ਇਕੱਠਾ ਕੀਤਾ ਜਾਵੇ ਤੇ ਉਹਨਾਂ ਦੇ ਕਲਾ, ਸਾਹਿਤ, ਫ਼ਲਸਫ਼ੇ ਧਰਮ ਅਤੇ ਚਿੰਤਨ ਦੇ ਹੋਰ ਪੱਖਾਂ ਉਤੇ ਸਮੁੱਚੇ ਪ੍ਰਭਾਵ ਦਾ ਮੁਲਾਂਕਣ ਕੀਤਾ ਜਾਵੇ।

ਬਾਕੀ ਬੋਲੀਆਂ ਦੇ ਸਾਹਿਤ ਵਾਂਗ ਪੰਜਾਬੀ ਸਾਹਿਤ ਉਤੇ ਵੀ ਆਈਨਸਟਾਈਨ ਦਾ ਪ੍ਰਭਾਵ ਪਿਆ ਹੈ। ਡਾ: ਹਰਿਭਜਨ ਸਿੰਘ ਨੇ ਤਾਰ ਤੁਪਕਾ ਰਚੀ ਹੈ। ਹੋਰ ਕਈਆਂ ਰਚਨਾਵਾਂ ਉੱਪਰ ਵੀ ਪ੍ਰਮਾਣੂ ਜੰਗ ਦਾ ਪ੍ਰਭਾਵ ਹੈ। ਪਰ ਪੰਜਾਬੀ ਸਾਹਿਤ 'ਚ ਆਈਨਸਟਾਈਨ ਦੇ ਕ੍ਰਾਂਤੀਕਾਰੀ ਸੰਕਲਪਾਂ ਦੀ ਡੂੰਘਾਈ ਅਤੇ ਖੂਬਸੂਰਤੀ ਮਹਿਸੂਸੀ ਨਹੀਂ ਗਈ। ਸਾਡੇ ਲੇਖਕ ਬ੍ਰਹਿਮੰਡ ਤੇ ਇਸਦੇ ਦੀਆਂ ਗੱਲਾਂ ਕਰਦੇ ਅਜੇ ਵੀ ਨਿਊਟਨ ਦੇ ਪੁਲਾੜ ਅਤੇ ਸਮੇਂ ਵਿਚ ਹੀ ਵਿਚਰਦੇ ਹਨ। ਇਕ ਬਿੰਦੂ 'ਤੇ ਜਾਕੇ ਸਾਰੀਆਂ ਕਲਾਵਾਂ ਇਕਮਿੱਕ ਹੋ ਜਾਂਦੀਆਂ ਹਨ- ਉਸਤੋਂ ਪਰ੍ਹੇ ਇਕ ਹੋਰ ਬਿੰਦੂ ਹੈ ਜਿਸ ਉਤੇ ਕਲਾ ਅਤੇ ਵਿਗਿਆਨ ਇਕਮਿੱਕ ਹੋ ਜਾਂਦੇ ਹਨ, ਇਹ ਬਿੰਦੂ ਹੀ ਮਹਾਨ ਕਿਰਤਾਂ ਦਾ ਸੋਮਾ ਹੈ। ਪੰਜਾਬੀ ਵਿਦਵਾਨਾਂ ਨੇ ਇਹ ਬਿੰਦੂ ਅਜੇ ਪੰਜਾਬੀ ਲੇਖਕਾਂ ਦੇ ਸਾਹਮਣੇ ਉਜਾਗਰ ਨਹੀਂ ਕੀਤਾ। ਆਈਨਸਟਾਈਨ ਦੀ ਸ਼ਤਾਬਦੀ ਦਾ ਇਹ ਵਰ੍ਹਾ ਇਸ ਕਾਰਜ ਲਈ ਸ਼ੁਭ ਵਰ੍ਹਾ ਹੈ।

ਅਸੀਂ ਵਤਨੋਂ ਦੂਰ ਦੇ ਇਨ੍ਹਾਂ ਪੰਨਿਆਂ ਰਾਹੀਂ ਸਮੁੱਚੇ ਪੰਜਾਬੀ ਸਾਹਿਤ ਵਲੋਂ ਸ਼ਰਧਾਂਜਲੀ ਪੇਸ਼ ਕਰਦੇ ਹਾਂ — ਪਰਮ ਕਲਾਕਾਰ ਆਈਨਸਟਾਈਨ ਨੂੰ, ਜਿਸ ਨੇ ਸਾਡੀ ਸਦੀ ਵਿਚ ਫਿਰ ਨਵੇਂ ਸਿਰਿਉਂ ਵਿਸ਼ਵ ਦੀ ਨਵੀਂ ਨੁਹਾਰ ਸਿਰਜੀ।

# For every eligible man, woman and child in the province:

# 5 FREE SHARES IN THE BRITISH COLUMBIA RESOURCES INVESTMENT CORPORATION.



You will share in 81% of Canadian Cellulose.



You will share in oil and gas exploration rights in northeastern B.C.



You will share in 10% of Westcoast Transmission.



You will share in 100% of Kootenay Forest Products and Plateau Mills.

Ownership of our resource industries should be in the hands of individual British Columbians. To encourage this trend, your government is offering five free shares in the recently-formed British Columbia Resources Investment Corporation to every eligible resident of our province. Following are answers to the most important questions concerning this unique offer—

## Who is eligible?

Every person who has lived in B.C. for the past year—and who holds or has qualified and applied for Canadian citizenship—is eligible for five free shares in B.C.R.I.C.

who have not yet obtained such identification, may establish their identity by presenting their birth certificate or other acceptable identification—in person—at the office of their local Government Agent (or, in the Lower Mainland, at their local Motor Vehicle Branch office).

Those unable to apply in person may delegate a suitable individual to act on their behalf—that person must utilize a Power of Attorney form, available where applications are made.

## When does the offer expire?

## What if my shares are lost or stolen?

The free shares will be "bearer" shares—in other words, owned by and saleable by the bearer, and not registered to any individual. Therefore, there is no protection against loss or theft. However, each block of 100 shares or more will be registered in the name of an individual share-holder (and thus protected). Because registering takes additional time, persons planning to purchase blocks of shares for registration should submit their applications as early as possible. Note: only the holders of registered shares will be eligible to vote on company matters and receive

for shares on their own behalf. For children under 16, application should be made by the mother or guardian. Infants, born in B.C. on or before June 15, 1979 and resident here since birth, also qualify for free shares. Application, again, should be made by the mother or guardian.

Free shares are also available to those ordinarily resident in B.C. who have been temporarily absent from the province during the 12 months immediately preceding the offer, provided such persons are otherwise eligible.

## What do B.C.R.I.C. shares represent?

The B.C. Resources Investment Corporation is the holding company for shares held by the province in a variety of B.C. resource industries and enterprises. B.C.R.I.C. holds 81% of the common shares of Canadian Cellulose, 100% of the common shares of Kootenay Forest Products and Plateau Mills, 10% of the common shares of Westcoast Transmission, plus oil and gas rights in a vast area of northeastern B.C.—investments transferred at a value of over $151 million. B.C.R.I.C. *shares represent partial ownership* of this whole range of enterprises.

## How can I apply?

Application forms are available at banks, trust companies, credit unions and investment dealers throughout B.C. When making application, you must present *two* of the following pieces of identification: a.) driver's licence; b.) Social Insurance card; c.) Medical Plan card. If you are 65 years of age or over, a Pharmacare card is sufficient proof of identity.

Mothers or guardians applying for children under 16 are required to furnish only a medical plan number *or* a birth certificate for such children. Young people, 16 and over, must submit your application by June 15, 1979. Should there be extenuating circumstances—absence from the province during the application period, for example—an appeal may be made to the Ministry of Finance by September 30, 1979.

## When do I receive my shares?

Distribution of free shares by B.C.R.I.C. will begin immediately after British Columbia Day, *August 6, 1979. The person making* application has until September 30, 1979 to pick up the shares where application was made.

## Can I buy additional shares?

Yes. If you qualify for free shares, you have the option of purchasing up to 5,000 *additional shares at a price substantially below* their underlying value. This price will be specified on your application form.

No individual or corporation may own more than 1% of the voting shares of B.C.R.I.C. *(although pension funds may own up to 3%).* Corporations and pension funds, however, are *not* allowed to participate in the initial share issue.

## Will I be able to sell my shares?

Yes. Stock market trading in shares is expected to commence shortly after the *distribution date . . . and at this point, a* "market value" will be established. However, it is hoped that a majority of British Columbians will not only retain, but enlarge, their share holdings. In this way, they will participate directly in the continued expansion of our resource industries, while ensuring that control of these industries remains in B.C.

## How will B.C.R.I.C. use its money?

All money invested in the B.C. Resource Investment Corporation will be used to further its investment objectives, including the development of resource industries within British Columbia.

## Other questions?

For further information on the free share offer—or about B.C.R.I.C.—contact: B.C. Government Public Information. In Vancouver, phone 873-3455. In Victoria, phone 387-6121.

In other areas, information is available through your local Government Agent.



**APPLY NOW AT BANKS, TRUST COMPANIES, CREDIT UNIONS, INVESTMENT DEALERS THROUGHOUT BRITISH COLUMBIA.**

**Province of British Columbia**

ਗੁਫਤਗੂ :—

# ਖੇਤ ਮਜ਼ਦੂਰ ਔਰਤਾਂ ਨਾਲ

ਹੇਠਾਂ ਅਸੀਂ 'ਅੱਠ ਮਾਰਚ' ਔਰਤਾਂ ਦੇ ਦਿਨ ਨੂੰ ਸਮਰਪਤ ਇਕ ਗੁਫਤਗੂ ਪੇਸ਼ ਕਰ ਰਹੇ ਹਾਂ। ਪੰਜਾਬੀ ਦੇ ਪੱਤਰਕਾਰੀ ਦੇ ਖੇਤਰ ਵਿਚ ਇਹ ਆਪਣੇ ਆਪ ਵਿਚ ਨਵੀਂ ਕਿਸਮ ਦੀ ਪ੍ਰਾਪਤੀ ਹੈ। ਢੱਕੇ-ਛੁਪਲੇ ਢੰਗ ਬਾਰੇ ਪੰਜਾਬੀ ਵਿਚ ਬਹੁਤ ਸਾਰਾ ਸਾਹਿਤ ਲਿਖਿਆ ਜਾ ਰਿਹਾ ਹੈ। ਜਿਹੜੀ ਕਿ ਆਪਣੇ ਆਪ ਵਿਚ ਚੰਗੀ ਗੱਲ ਹੈ ਪਰ ਇਸ ਢੰਗ ਦੇ ਲੋਕਾਂ ਦੀ ਗੱਲ ਉਹਨਾਂ ਦੀ ਜ਼ਬਾਨੀ ਇਸ ਤਰ੍ਹਾਂ ਪਾਠਕਾਂ ਤੱਕ ਪਹੁੰਚਾਣੀ ਹੋਰ ਵੀ ਵਧੀਆ ਹੈ। ਇਸ ਪ੍ਰਾਪਤੀ ਲਈ "ਜੈਕਾਰਾ" ਵਾਲਿਆਂ ਨੂੰ ਵਧਾਈ ਦਿੰਦੇ ਹਾਂ ਤੇ ਅਸੀਂ ਆਪਣੇ ਬਾਹਰ ਵਸਦੇ ਪਾਠਕਾਂ ਲਈ ਇਹ ਗੁਫਤਗੂ ਪੇਸ਼ ਕਰਨ ਦੀ ਖੁਸ਼ੀ ਲੈ ਰਹੇ ਹਾਂ। (ਸੰਪਾਦਕ)

ਗੱਲਬਾਤ ਕਰਨ ਵਾਲੀ ਥਾਂ ਤੇ ਪਹੁੰਚ ਕੇ ਅਸੀਂ ਬੈਠਣ ਲਈ ਮੰਜੇ ਠੀਕ-ਠਾਕ ਕਰਕੇ ਬੈਠ ਗਏ। ਸੱਤ ਅੱਠ ਜਣੀਆਂ ਹਾਜਰ ਸਨ ਜਿਹਨਾਂ 'ਚ ਤਕਰੀਬਨ ਹਰੇਕ ਉਮਰ ਦੀਆਂ ਬੁੜ੍ਹੀਆਂ ਕੁੜੀਆਂ ਮੌਜੂਦ ਸਨ। 5 ਮਹੀਨਿਆਂ ਦੀ ਬੱਚੜ ਆਲ ਕੁੜੀ ਤੋਂ ਲੈ ਕੇ ਬੁੱਢੀ ਬੇਬੇ ਤਕ। ਜੁਆਕਾਂ ਦਾ ਉਥੇ ਹੋਣਾ ਤਾਂ ਕੁਦਰਤੀ ਹੀ ਸੀ। ਕੁਝ ਜਕ ਜਕਾ ਨਾਲ ਮੈਂ ਗੱਲ ਤੋਰੀ।

**ਪੱਤਰਕਾਰ** : ਅਸੀਂ ਇਕ ਅਖਬਾਰ "ਜੈਕਾਰਾ" ਕਢਦੇ ਆਂ ਤੇ ਆਪਣੇ ਕਈ ਮੁੰਡੇ ਐਥੇ ਵੀ ਉਹਨੂੰ ਪੜ੍ਹਦੇ ਆ। ਕੀ ਥੋਨੂੰ ਇਹਦਾ ਪਤਾ ਐ ?

**ਇਸਤਰੀਆਂ** : ਨਹੀਂ ਬਾਈ ਅਸੀਂ ਤਾਂ ਕਿਤੇ ਨੀ ਸੁਣਿਆ। ਉਹ ਕਿਹੜਾ ਸਾਨੂੰ ਕੁਸ਼ ਦਸਦੇ ਐ।

**ਪੱ** ਕਿਸਾਨਾਂ ਦੀ ਹਾਲਤ ਬਾਰੇ ਮਜਦੂਰਾਂ ਦੀ ਹਾਲਤ ਬਾਰੇ ਤੇ ਹੋਰ ਲੋਕਾਂ ਦੀ ਹਾਲਤ ਬਾਰੇ ਤਾਂ ਜੈਕਾਰੇ ਵਿਚ ਕਈ ਵਾਰ ਛਪਦਾ ਰਹਿੰਦੈ ਤੇ ਹੋਰ ਅਖਬਾਰ ਵੀ ਇਹਨਾਂ ਗੱਲਾਂ ਬਾਰੇ ਲਿਖਦੇ ਰਹਿੰਦੇ ਆ। ਇਹਨਾਂ ਗੱਲਾਂ ਬਾਰੇ ਕਈ ਕਿਤਾਬਾਂ ਵੀ ਲਿਖੀਆਂ ਮਿਲ ਜਾਂਦੀਆਂ। ਪਰ ਆਪਣੀਆਂ ਬੁੜ੍ਹੀਆਂ ਬਾਰੇ ਜਿਹੜੀਆਂ ਖੇਤਾਂ 'ਚ ਕੰਮ ਕਰਦੀਆਂ ਕਿਤੇ ਕੁਸ਼ ਨਹੀਂ ਲਿਖਿਆ ਮਿਲਦਾ। ਜੈਕਾਰੇ ਦਾ ਇਕ ਪਰਚਾ ਅਸੀਂ ਨਿਰਾਪੁਰਾ ਬੁੜ੍ਹੀਆਂ ਬਾਰੇ ਹੀ ਕੱਢਣੈ। ਉਹਦੇ 'ਚ ਅਸੀਂ ਥੋਡੀਆਂ ਦੁੱਖਾਂ ਤਕਲੀਫਾਂ ਬਾਰੇ ਤੇ ਕੰਮ ਦੀਆਂ ਹਾਲਤਾਂ ਬਾਰੇ ਲਿਖਣੈ। ਬਹੁਤ ਸਾਰੇ ਸ਼ਹਿਰਾਂ ਵਿਚ ਰਹਿਣ ਵਾਲੇ ਲੋਕ ਜਾਂ ਨੌਕਰੀਆਂ ਕਰਨ ਵਾਲੇ ਜਾਂ ਹੋਰ ਵੱਡੇ ਲੋਕ ਐਂ ਜਾਣਦੇ ਈ ਨਹੀਂ ਕਿ ਬੁੜ੍ਹੀਆਂ ਨੂੰ ਐਨੇ ਕੰਮ ਕਰਨੇ ਪੈਂਦੇ ਆ ਤੇ ਐਨੇ ਦੁਖ ਝੱਲਣੇ ਪੈਂਦੇ ਆ। ਜਦੋਂ ਇਹਨਾਂ ਵੱਲੋਂ ਬੁੜ੍ਹੀਆਂ ਦੀ ਕੋਈ ਗੱਲ ਚਲਦੀ ਐ ਤਾਂ ਇਹਨਾਂ ਦੇ ਦਮਾਗ 'ਚ ਉਹੀ ਸ਼ਹਿਰਾਂ ਦੀਆਂ ਜਾਂ ਚੰਗੇ ਘਰਾਂ ਦੀਆਂ ਬਣਦੀਆਂ-ਤਣਦੀਆਂ ਬੁੜ੍ਹੀਆਂ ਈ ਰਹਿੰਦੀਆਂ। ਅਸੀਂ ਆਪਣੇ ਅਖਬਾਰ 'ਚ ਥੋਡੀ ਹਾਲਤ ਬਾਰੇ ਲਿਖਕੇ ਉਹਨਾਂ ਨੂੰ ਦੱਸਣੈਂ ਬਈ ਆਹ ਵੀ ਆਪਣੀਆਂ ਈ ਬੁੜ੍ਹੀਆਂ ਕੁੜੀਆਂ ਆਂ! ਸੋ ਤੁਸੀਂ ਮੈਨੂੰ ਆਪਣੀਆਂ ਦੁੱਖਾਂ ਤਕਲੀਫਾਂ ਬਾਰੇ ਦੱਸੋ।

**ਇ:** ਇਕ ਜਾਣੀ, ਬਾਈ ਤੂੰ ਦੁਖ ਦੂਰ ਕਰਾਏਂਗਾ (ਕੁਝ ਹਾਸਾ ਪੈ ਗਈ ਤੇ ਨਾਲ ਹੀ ਦੂਜੀ ਜਾਣੀ ਬੋਲ ਪਈ) ਬਾਈ ਤਾਂ ਪੈਨਸ਼ਣ ਲਆ ਕੇ ਦੇਊਗਾ।

**ਪੱ** : ਨਹੀਂ ਮੈਂ ਤਾਂ ਕੱਲਾ ਦੁਖ ਦੂਰ ਨਹੀਂ ਕਰਾ ਸਕਦਾ। ਪਰ ਸਾਡਾ ਅਖਬਾਰ ਤਾਂ ਥੋਡੇ ਦੁੱਖਾਂ ਬਾਰੇ ਲਿਖਕੇ ਦੁਖ ਸਾਂਝੇ ਹੀ ਕਰਨਾ ਚਾਹੁੰਦੈ।

**ਇਕ ਔਰਤ** : ਬਾਈ ਤੈਥੋਂ ਕਿਹੜਾ ਸਾਡੀਆਂ ਤਕਲੀਫਾਂ ਭੁਲੀਐਂ ?

**ਪੱ**: ਇਹ ਤਾਂ ਠੀਕ ਐ ਬਈ ਮੈਨੂੰ ਵੀ ਇਹਦੇ ਬਾਰੇ ਕੁਸ਼ ਪਤੈ। ਪਰ ਜਿਹਨਾਂ ਨੇ ਦੁਖ ਹੱਡਾਂ ਨਾਂ ਹੰਢਾਏ ਹੋਣ ਉਹਨਾਂ ਦੇ ਮੂੰਹੋਂ ਸੁਣਨਾਂ ਹੋਰ ਗੱਲ ਹੁੰਦੀ ਐਂ। ਮੈਂ ਤਾਂ ਥੋਡੇ ਮੂੰਹੋਂ ਕਹੀਆਂ ਗੱਲਾਂ ਲਿਖਣੀਆਂ ਚਾਹੁੰਨੈ।

**ਇ**: ਚੰਗਾ ਬਾਈ ਅਸੀਂ ਦੱਸਦੀਆਂ ਤੂੰ ਨਾਲ ਦੀ ਨਾਲ ਲਿਖੀ ਚੱਲ। (ਇਕ ਦਰਮਿਆਨੀ ਤੋਂ ਵੱਡੀ ਉਮਰ ਦੀ ਬੁੜ੍ਹੀ ਨੇ ਗੱਲ ਤੋਰੀ) : ਬਾਈ ਕੀ ਗਣਾਈਏ, ਗਿਣਨ ਨੂੰ ਤਾਂ ਦੁਖ ਈ ਦੁਖ ਐ। ਦੁਖਾਂ ਦਾ ਕੋਈ ਲੇਖਾ ਨਹੀਂ। ਅਸੀਂ ਤਾਂ ਪਲ ਪਲ ਦੇ ਗੋਲੇ ਆਂ। ਸਾਰੀ ਦਿਹਾੜੀ ਰੰਬਾ-ਦਾਤੀ ਹੱਥ 'ਚ ਰਹਿੰਦੇ। (ਵਿਚੋਂ ਹੀ ਦੂਜੀ ਨੇ ਗੱਲ ਸ਼ੁਰੂ ਕਰ ਦਿੱਤੀ) ਜਦੋਂ ਪਠੇ ਦੱਥੇ ਤੋਂ ਵਿਹਲੇ ਹੋਏ ਬਾਲਣ ਲੈਣ ਤੁਰ ਜਾਈਦੇ। ਆਉਂਦਿਆਂ ਚੌਂਕੇ 'ਚ ਵੜ ਜਾਈਦੈ। (ਮੋੜ ਕੇ ਪਹਿਲਾਂ ਵਾਲੀ ਨੇ ਫੇਰ ਗੱਲ ਜਾਰੀ ਰੱਖੀ) ਬਸ ਪਹਿ ਪਾਟਦੀ ਨਾਂ ਉਠ ਖੜੀਦੇ। ਤਾਰਿਆਂ ਦੀ ਛਾਂ ਹੋਈ ਤਾਂ ਮੰਜਾ ਵੇਖਣਾ ਮਿਲਦੈ। ਸਾਰਾ ਦਿਨ ਚਲ ਸੋ ਚੱਲ ਰਹਿੰਦੀ ਐ। (ਤੇ ਪਿੰਜਣੀਆਂ ਤੇ ਹੱਥ ਰੱਖ ਕੇ) ਆਥਣ ਨੂੰ ਆਹ...ਐਥੋਂ ਚੀਸਾਂ ਨਿਕਲਦੀਆਂ। ਆਹ ਚੀਸਾਂ ਆਲੀ ਗੱਲ ਲਿਖਣਾ ਭੁਲ ਨਾ ਜਾਈਂ। ਆਹ ਐਂਡ ਦੁਖੀ ਕਰਦੈ (ਲੱਕ ਤੇ ਹੱਥ ਮਾਰਕੇ ਉਸ ਨੇ ਕਿਹਾ) ਕੋਈ ਸਾਨੂੰ ਪੁਛਦਾ ਨੀਂ। ਆਹੀ ਸਾਡੀ ਜੂਨ ਐ ਸਾਡੇ ਕੋਲੇ ਤਾਂ ਐਹੋ ਜਾ ਕੁਸ਼ ਈ ਆ। ਇਹ ਜਿੰਨਾ ਮਰਜੀ ਪੁਛਲੋ।

**ਪੱ**: ਇਹ ਗੱਲ ਤਾਂ ਸਮਝ ਆਗੀ। ਹੁਣ ਤੁਸੀਂ ਇਹ ਦੱਸੋ ਬਈ ਬੰਦੇ ਤਾਂ ਘਰ ਦਾ ਗੁਜ਼ਾਰਾ ਤੋਰਨ ਖਾਤਰ ਸੀਰ ਕਰਦੇ ਆਂ, ਜਾਂ ਦਿਹਾੜੀ ਤੇ ਜਾਂਦੇ ਆ, ਜਾਂ ਕੋਈ ਹੋਰ ਕੰਮ ਧੰਦਾ ਵਿਢਦੇ ਆ। ਬਈ ਬੁੜ੍ਹੀਆਂ ਘਰ ਦਾ ਗੁਜ਼ਾਰਾ ਤੋਰਨ ਖਾਤਰ ਕਮਾਈ ਵਿਚ ਕਿੰਨਾ ਕੁ ਹਿਸਾ ਪਾਉਂਦੀਆਂ ?

ਔਰਤਾਂ ਦਾ ਰਲਵਾਂ ਜੁਆਬ ਸੀ : ਸਾਰਾ ਦਿਨ ਕਰੀ ਈ ਜਾਈਦਾ ਬਾਈ ਕੁਸ਼ ਨਾ ਕੁਸ਼।

**ਪੱ**: ਮੇਰਾ ਮਤਲਬ ਐ ਬਈ ਕੋਈ ਪਸ਼ੂ ਪਾਲ ਲੈਨੀਓਂ, ਵਾਢੀਆਂ ਦੇ ਦਿਨਾਂ 'ਚ ਸਿੱਟੇ ਚੁਗ ਲਿਆਣੀਓਂ, ਜਾਂ ਚੋਣੀਆਂ ਵੇਲੇ ਨਰਮਾ ਚੁਗਣ ਜਾਨੀਓਂ।

**ਇ**: ਵਾਢੀਆਂ ਵੇਲੇ...ਸਿੱਟੇ ?...ਹੂੰ ਸਿੱਟੇ ? (ਕਣਕ ਵੱਢਣ ਵਾਲਿਆਂ ਵਾਂਗੂ ਇਕ ਹੱਥ 'ਚ ਰੁੱਗ ਫੜਕੇ ਤੇ ਦੂਜਾ

ਹੱਥ ਦਾਤੀ ਵਾਗੂੰ ਚਲਾ ਕੇ ਉਹਨੇ ਦੱਸਿਆ) ਸਿੱਟੇ ਨੀ।... ਬਰਾਬਰ ਵਗਦੀਆਂ ਬਰਾਬਰ...ਬੰਦਿਆਂ ਦੇ ਬਰਾਬਰ... ਬਰਾਬਰ ਦੀ ਪੰਤ ਲੁਆੜੇ ਬੱਬੇ ਕਰਨੇ ਸਾਡੇ ਜੁੰਮੇ ਹੁੰਦੇ ਐ। ਜੇ ਕੋਈ ਰੁੱਗ ਖਿਲਰਜੇ, ਭੋਰਾ ਚਿਰ ਲੱਗ ਜੇ ਆਦਮੀਆਂ ਦੀ ਦੂਅਰੀ ਤੀਅਰੀ ਗਾਲ੍ਹ ਆਉਂਦੀ ਐ ਮਗਰੇ। (ਦੂਜੀਆਂ ਨਾਲ ਗੱਲਾਂ ਜੋੜੀਆਂ) ਘਰੋਂ ਰੋਟੀਆਂ ਪਕਾਕੇ ਲਿਆਉਣੀਆਂ, ਪਸ਼ੂ ਡੰਗਰ ਨੂੰ ਨੀਰਾ (ਤੂੜੀ) ਪਾਉਣਾ ਕਰਨਾ ਵਾਧੂ ਦਾ ਰਿਆ ਉਤੋਂ ਦੀ ਰੋਟੀ ਟੁੱਕ ਨੂੰ ਬਾਲਣ ਲਿਆਉਣਾ...ਰਾਤ ਨੂੰ ਅੰਨ ਪਕਾਉਣਾ—ਚੁਲ੍ਹਾ ਚੌਂਕਾ ਸਾਂਭਣਾ—ਸਾਰਾ ਟੱਬਰ, ਜੁਆਕ ਜੱਲਾ ਸਾਂਭਣਾ, ਸਾਡੇ ਜੁੰਮੇ। ਬੰਦਿਆਂ ਤੋਂ ਡੂਢਾ ਕੰਮ ਐ। ਬਾਈ ਭੁਤਨੀ ਭੁੱਲ ਜਾਂਦੀ ਐ। ਸਾਰਾ ਦਿਨ ਸੁਰਤ ਲੈਣੀ ਨੀਂ ਮਿਲਦੀ।

**ਪੱ:** ਭਲਾ ਇਹ ਦੱਸੋ ਇਕ ਬੁੜ੍ਹੀ ਇਕ ਵਾਰੀ 'ਚ ਕਿੰਨੇ ਕੁ ਦਾਣੇ ਬਣਾ ਲੈਂਦੀ ਐ।

**ਇਕ ਜਾਣੀ :** ਬਣਾ ਈ ਲਈਦੇ ਆ ਵਾਹਵਾ।

**ਪੱ** ਤਾਂ ਵੀ ਕਿੰਨੇ ਕੁ ?

**ਇਕ ਦਰਮਿਆਨੀ ਉਮਰ ਦੀ ਔਰਤ :** ਮੈਂ ਪਿਛਲੀਆਂ ਵਾਢੀਆਂ 'ਚ 6 ਮਣ ਬਣਾਲੇ ਸੀ ਵਿਚੇ ਪਿੜਾਂ ਦੀ ਧੂੰਬਾ ਕੂਚੀ ਪਾਕੇ।

**ਦੂਜੀ ਬੋਲੀ :** ਮੇਰੇ ਅਰਗੀ ਤੋਂ ਤਾਂ ਤਿੰਨ ਮਣ ਨਹੀਂ ਬਣਦੇ। ਜਿਹੜੀ ਘਰੇ ਕੱਲਾਪੀ ਹੋਵੇ। ਚਾਰ ਪੰਜ ਜੁਆਕ ਸਾਂਭਣੇ ਹੋਣ। ਉਹ ਐਨੇਂ ਕਿਮੇਂ ਬਣਾ ਲੂ।

**ਦੂਜੀਆਂ :** ਬਸ ਰਲਾ ਮਲਾ ਕੇ ਕੋਈ ਤਕੜੀ ਕੋਈ ਮਾੜੀ, ਚਾਰ ਪੰਜ ਮਣ ਬਣ ਜਾਂਦੇ ਆ। ਬਸ ਦਿਆੜੀ ਦੇ ਪਸੇਰੀ ਕੁ ਬਣ ਜਾਂਦੇ ਆ। ਪਸੇਰੀ ਕਿਥੇ ਬਣਦੇ ਆ। ਪਸੇਰੇ ਕਿਸੇ ਤੋਂ ਨੀ ਬਣਦੇ। (ਉਹਨਾਂ ਦੀਆਂ ਰੈਆਂ ਵੱਖ ਸਨ)

**ਪੱ** ਨਰਮੇ ਦੀ ਚੋਣੀ ਦੇ ਦਿਨਾਂ 'ਚ ਤੁਸੀਂ ਕਿੰਨਾ ਕੁ ਨਰਮਾ ਚੁਗ ਲੈਨੀਓਂ।

**ਔਰਤਾਂ ਦੀ ਰਲਵੀਂ ਆਵਾਜ :** ਨਰਮਾ ਬਥੇਰਾ ਚੁਗ ਲਈਦਾ।

ਮੈਂ ਡੂਢ ਮਣ ਚੁਗ ਲੈਨੀ ਆਂ। (ਇਕ ਜੁਆਨ ਔਰਤ ਨੇ ਦੱਸਿਆ)

**ਪੱ** ਕਿੰਨੇ ਕੁ ਪੈਸੇ ਬਣ ਜਾਂਦੇ ਆ ਦਿਆੜੀ ਦੇ ?

**ਔਰਤ :** ਦੋ ਰੁਪੱਈਏ ਪਸੇਰੀ ਨੂੰ ਲਾਲੋ ਸੁਬ।

**ਦੂਜੀ ਨੇ ਉਹਦ ਗੱਲ ਕੱਟੀ :** ਲੈ ਨੀ ਹਰੇਕ ਤੋਂ ਨੀਂ ਐਨਾ ਚੁਗੀਦਾ। ਕੋਈ ਵੱਧ ਚੁਗਦੀ ਐ ਕੋਈ ਘੱਟ।

**ਪੱ.** ਚੋਣੀ ਦੇ ਇਕ ਸੀਜਨ ਦੇ ਕਿੰਨੇ ਕੁ ਪੈਸੇ ਬਣ ਜਾਂਦੇ ਆ ?

**ਇਸਤਰੀਆਂ ਦੀ ਰਲਵੀਂ ਰਾਇ ਸੀ :** ਤਿੰਨ ਚਾਰ ਸੌ ਬਣਾ ਲਈਦੇ।

**ਪੱ:** ਤੁਸੀਂ ਪਸ਼ੂ ਵੀ ਰੱਖ ਲੈਨੀਓਂ ? ਪਸ਼ੂ ਪਾਲਕੇ ਤੁਸੀਂ ਘਰ ਦੀ ਕਮਾਈ 'ਚ ਕਿੰਨਾ ਕੁ ਵਾਧਾ ਕਰਦੀਓਂ ?

**ਉਹਨਾਂ ਦੀ ਰਲਵੀਂ ਰਾਇ ਸੀ :** ਇਕ ਦੋ ਪਸ਼ੂ ਮਸਾਂ ਪਾਲੇ ਜਾਂਦੇ ਆ ਕਲਾਪੀ ਬੁੜ੍ਹੀ ਤੋਂ। ਸਾਲ ਡੂਢ ਸਾਲ ਦੀ ਕੱਟੀ ਲਈਦੀ ਆ ਕਿਸੇ ਤੋਂ ਅਧਿਆਰੇ 'ਤੇ। ਉਹਨੇ ਕਿਤੇ ਜਾਕੇ ਪੈਸੇ ਵਟਾਉਣੇ ਆ। (ਨਾਲ ਲੱਗਵੀਂ ਖੁਰਲੀ ਤੇ ਖੜ੍ਹੀ ਝੋਟੀ ਵੱਲ ਇਸ਼ਾਰਾ ਕਰਕੇ) ਆਹ ਝੋਟੀ ਨੂੰ ਪੰਜ ਛੇ ਸਾਲ ਹੋ ਹੋਗੇ ਨੀਰਾ ਪਾਉਂਦਿਆਂ ਨੂੰ। ਹੁਣ ਆਕੇ ਨਵੇਂ ਦੁੱਧ ਹੋਈ ਆ। ਹੁਣ ਰੱਜਮੀਂ ਟਹਿਲ ਭਾਲੂਗੀ। ਤਾਂ ਜਾਕੇ ਚਾਰ ਛਿੱਲੜ ਵੱਟਣੇ ਆ।

**ਪੱ·** ਕੀ ਦੁਧ ਵੇਚਣ ਵਾਸਤੇ ਵੀ ਪਸ਼ੂ ਪਾਲ ਲੈਨੀਓਂ ? ਇਕ ਝੋਟੀ ਕਿੰਨੇ ਕੁ ਪੈਸੇ ਦੇ ਜਾਂਦੀ ਆ ?

**ਇ:** ਪੰਜ ਛੇ ਸਾਲ ਸੰਭਾਈ ਕਰਨੀ ਪੈਂਦੀ ਐ। ਨਾਂ ਕਿਤੇ ਸਾਕ ਸਕੀਰੀ 'ਚ ਜਾ ਹੁੰਦੇ। ਬਮਾਰੀ ਠਮਾਰੀ 'ਚ ਪੱਠਾ ਡੱਕਾ ਲਿਆਉਣਾ ਪੈਂਦੈ। ਇਥੇ ਕਿਹੜਾ ਆਵਦੇ ਘਿਉ ਦੇ ਕਿਆਰੇ ਬੀਜੇ ਹੁੰਦੇ ਆ। ਬਗਾਨੀਆਂ ਵੱਟਾਂ ਈ ਖੋਤਣੀਆਂ ਹੋਈਆਂ। ਜੁਆਕਾਂ ਨੂੰ ਕਿਰੇ ਦੁਧ ਦੀ ਤਿੱਪ ਨੀਂ ਜੁੜਦੀ, ਆਵਦੀ ਤਾਂ ਖਾਧੀ ਕੜ੍ਹੀ। ਜਦੋਂ ਸੂ ਪੈਂਦੀ ਆ, ਉਦੂੰ ਪਹਿਲਾਂ ਈ ਅਗਲੇ ਮੁਲ ਪਾਉਣ ਆ ਲਗਦੇ ਐ। ਮੁਲ ਵੀ ਤਾਂ ਅਧਿਆਰੇ ਆਲਿਆਂ ਨੇ ਆਪਦੀ ਮਰਜੀ ਦਾ ਪਾਉਣੈਂ। ਬਸ ਸਾਡੇ ਪੱਲੇ ਤਾਂ ਮਸਾਂ ਮਰ ਕੇ ਸੱਤ ਅੱਠ ਸੌ ਈ ਪੈਂਦੇ, ਪੰਜੀਂ ਸੱਤੀ ਸਾਲੀਂ। ਹੱਦ ਸੋਲਾਂ ਸਤਾਰਾਂ ਸੌ ਮੁਲ ਪੈਜੂ। ਲੈ ਬਾਈ ਲਾਲਾ ਸੂਬ, ਸਾਲ ਦੇ ਕੈਅ ਬਣਗੇ। ਤੇ ਦਿਆੜੀ ਕੀ ਪੈਗੀ।

**ਪੱ:** ਗੋਹਾ ਕੂੜਾ ਕਰਨ ਦੇ ਭਲਾ ਕਿੰਨੇ ਕੁ ਪੈਸੇ ਮਿਲਦੇ ਐ ?

**ਇਕ ਜਾਣੀ :** ਦੋ ਰੁਪੱਈਏ ਪਸ਼ੂ ਦਿੰਦੇ ਆ।

**ਦੂਜੀਆਂ :** ਅਗਲੇ ਦਾ ਸਾਰਾ ਗੰਦ ਹੂੰਝਣਾ ਢੋਣਾ। ਇਹ ਤਾਂ ਅਣਸਰਦੇ ਨੂੰ ਕਰੀਦੈ। ਇਹਦੇ 'ਚ ਕੁਸ਼ ਨੀ ਬਣਦਾ।

**ਪੱ:** ਤੁਸੀਂ ਸੂਤ ਕੱਤਣ ਦਾ ਵੀ ਕੰਮ ਕਰਦੀਓਂ ?

**ਔਰਤਾਂ :** ਸੂਤ ਤਾਂ ਦਸਾਂ ਦਿਨਾਂ 'ਚ ਕਿਲੋ ਰੂੰ ਮਸਾਂ ਮੁਕਦੀ ਐ। ਉਹ ਵੀ ਸਾਰਾ ਟੈਮ ਲਾਕੇ। ਵਿਚੋਂ ਜੁਆਕ ਵੀ ਸਾਂਭਣੇ ਹੋਏ। ਪਸ਼ੂ ਵੀ। ਬਣਾ ਲੋ ਕੇ ਦਸੀਆਂ ਬਣੀਆਂ ਦਿਆੜੀ ਦੀਆਂ। ਤੇ ਦਸੀ ਦਾ ਜੁਆਕ ਨੂੰ ਬਿਸਕੁਟ ਵਨੀਂ ਦਿੰਦੇ ਹੱਟੀ ਆਲੇ।

**ਪੱ:** ਘਰਾਂ ਦੇ ਬੰਦੇ ਕੰਮ ਕਰਦੇ ਆ। ਤੁਸੀਂ ਵੀ ਕੰਮ ਕਰਦੀਓਂ। ਭਲਾ ਆਹ ਛੋਟੇ ਜੁਆਨ ਜਾਂ ਛੋਟੀਆਂ ਕੁੜੀਆਂ ਵੀ ਕੋਈ ਕਮਾਈ ਕਰਦੀਆਂ ? ਕੈਅ ਸਾਲਾਂ ਦੇ ਹੋਕੇ ਕਮਾਈ ਕਰਨ ਲਗ ਜਾਂਦੇ ਆ ਇਹ ?

**ਔਰਤਾਂ ਦਾ ਰਲਵਾਂ ਜੁਆਬ :** ਇਹ ਤਾਂ ਕੀ ਕਰਦੇ ਐ ? ਇਹਨਾਂ ਤੋਂ ਕੁਸ਼ ਨੀਂ ਹੁੰਦਾ।

**ਪੱ** ਅੱਛਾ ? ਜਦੋਂ ਤੁਸੀਂ ਨਰਮਾ ਚੁਗਦੀਓਂ ਜਾਂ ਵਾਢੀ ਕਰਦੀਓਂ, ਭਲਾ ਕੁੱਛੜ ਆਲੇ ਜੁਆਕਾਂ ਨੂੰ ਕੌਣ ਸਾਂਭਦੈ ? ਜਦੋਂ ਤੁਸੀਂ ਪੱਠੇ ਲੈਣ ਜਾਨੀਓਂ ਬਾਹਰ ਨੂੰ, ਛੋਟੇ ਜੁਆਕ ਕੀਹਦੇ ਕੋਲ ਛੱਡ ਕੇ ਜਾਨੀਓਂ ? ਜੇ ਇਹਨਾਂ ਨੂੰ ਸਾਂਭਣ ਆਲੇ ਛੋਟੇ ਜੁਆਕ ਨਾਂ ਹੋਣ ਤਾਂ ਇਹੀ ਕੰਮ ਥੋਨੂੰ ਆਪ ਹੋਰ ਕੰਮ ਛੱਡ ਕੇ ਨਾਂ ਕਰਨਾ ਪਵੇ ?

**ਇਸਤਰੀਆਂ ਅਚੰਭੇ ਨਾਲ ਬੋਲੀਆਂ :** ਲੈਨੀ ! ਇਹ ਤਾਂ ਸਾਡੀ ਗਿਣਤੀ 'ਚ ਈ ਨੀਂ। ਐਂ ਗਿਣਨੈ ਤਾਂ ਬਥੇਰਾ ਕਰਦੇ ਐ। (ਚਾਰ ਸਾਲਾ ਆਪਣੇ ਪੁਤ ਵੱਲ ਇਸ਼ਾਰਾ ਕਰਕੇ) ਆਹ ਐਤਕੀਂ ਪਸੇਰੀ ਨਰਮਾ ਚੁਗ ਲੈਂਦਾ ਸੀ, ਸਾਡੇ ਨਾਲ ਫਿਰਦਾ। (ਤਿੰਨ ਕੁ ਸਾਲ ਦੇ ਮੁੰਡੇ ਨੂੰ ਹੱਥ ਲਾਕੇ ਦੂਜੀ ਬੋਲੀ) ਹੱਟੀਓਂ ਬਿਸਕੁਟ ਖਾਣ ਜੋਗਾ ਤਾਂ ਆਹ ਵੀ ਚੁਗ ਲੈਂਦੇ। ਸਾਡੀ ਆਹ ਗੁੱਡੀ ਤਾਂ (ਸੱਤ ਅੱਠ ਸਾਲ ਦੀ ਕੁੜੀ ਵੱਲ ਹੱਥ ਕਰਕੇ ਤੀਜੀ ਨੇ ਦੱਸਿਆ) ਨਾਲੇ ਤਿੰਨਾਂ ਜੁਆਕਾਂ ਨੂੰ ਸਾਂਭ ਲੈਂਦੀ ਐ। ਰੋਟੀ ਜੋਗਰਾ ਬਾਲਣ ਨੀ

ਫੜਦੀ ਆਥਣ ਨੂੰ। ਵਿਚੇ ਏਦੂੰ ਛੋਟਿਆਂ ਨੂੰ ਲਾ ਲੈਂਦੀ ਐ। ਨਰਮੇ ਨੂੰ ਹੱਥ ਵੀ ਮਾਰ ਲੈਂਦੀ ਐ।

(ਦੋਂਹ ਨਿਆਣਿਆਂ ਦੀ ਮਾਂ ਨੇ ਗੱਲ ਏਦੂੰ ਵੀ ਅੱਗੇ ਦੱਸੀ) ਮੇਰਾ ਮੁੰਡਾ ਢਾਈ ਸਾਲਾਂ ਦਾ ਮਸਾਂ ਹੋਊ। ਜਦੋਂ ਮੈਂ ਪੱਠੇ ਖੋਤਦੀ ਆਂ, ਬਰਾਬਰ ਰੰਬੀ ਲੈਕੇ ਲੱਗਿਆ ਰਹਿੰਦਾ। ਭਾਮੇਂ ਰੁੱਗ ਈ ਬਣਾਵੇ। ਜਾਂ ਫੇਰ ਆਹ ਛੋਟੀ ਨੂੰ ਹਿੱਕ ਨਾਂ ਲਾ ਕੇ ਖੜ੍ਹ ਜੂ। ਹੁਣੇ ਤੋਂ ਲੱਗਣਗੇ ਤਾਂ ਈ ਸਿਖਣਗੇ।

**ਪੱ** ਸ਼ਹਿਰਾਂ 'ਚ ਜਾਂ ਪਿੰਡਾਂ 'ਚ ਵੀ ਪੱਕਿਆਂ ਘਰਾਂ ਵਾਲੇ ਜਦੋਂ ਘਰ ਪਾਉਂਦੇ ਆ ਮਿਸਤਰੀ ਤੇ ਕਾਮੇਂ ਲਾ ਲੈਂਦੇ ਆ। ਜਦੋਂ ਘਰ ਨੂੰ ਟੱਪ ਪਲਸਤਰ ਜਾਂ ਕਲੀ ਕਰਨੀ ਹੋਵੇ ਤਾਂ ਵੀ ਦਿਹਾੜੀਦਾਰ ਲਾ ਲੈਂਦੇ ਆ। ਤੁਸੀਂ ਭਲਾ ਆਪ ਦੇ ਘਰਾਂ ਨੂੰ ਬਨਾਉਣ ਸੁਆਰਣ 'ਚ ਕੁਸ਼ ਕਰਦੀਓ ?

**ਇ:** ਕੋਈ ਖਾਸ ਨੀਂ ਕਰੀਦਾ।

**ਪੱ:** ਤੁਸੀਂ ਜਦੋਂ ਬਾਹਰਲਾ ਕੋਠਾ ਛੱਤਿਆ, ਭਲਾ ਇੱਟਾਂ ਕੀਹਤੋਂ ਕਢਾਈਆਂ ਸੀ ? ਕੇ ਮਿਸਤਰੀ ਲਾਏ ਸੀ ਕੰਧਾਂ ਕੱਢਣ ਨੂੰ ?

(ਨਮੇਂ ਕੋਠੇ ਆਲੀ ਔਰਤ ਜੁਆਬ ਦਿੰਦੀ ਐ) : ਇੱਟਾਂ ਤਾਂ ਦੋਹਾਂ ਜੀਆਂ ਨੇ ਈ ਕੱਢੀਆਂ ਸੀ। ਮਿਸਤਰੀ-ਮੁਸਤਰੀ ਨੀਂ ਕੋਈ ਲਾਇਆ। ਆਪੇ ਸਾਰੀ (ਉਸਾਰੀ) ਕਰਲੀ। ਆਪੇ ਛੱਤ ਪਾ ਲੀ।

**ਪੱਤਰਕਾਰ** ; ਲਿੱਪਾ ਪੋਚੀ ਵੀ ਆਪੇ ਈ ਕੀਤੀ ਹੋਊ ?

ਆਹੋ ਬਈ (ਦੂਜੀਆਂ ਵੀ ਫੇਰ ਬੋਲ ਪਈਆਂ) ਐਂ ਤਾਂ ਬਾਈ ਗੋਹਾ ਮਿਟੀ ਫੇਰੀਦੀ ਆ। ਹਾਰੇ, ਚੁਲ੍ਹੇ, ਕੰਧੋ-ਲੀਆਂ ਬਣਾਈਦੀਆਂ। ਸਾਰੇ ਕੰਮ ਕਰੀਦੇ ਐ। ਇਹ ਤਾਂ ਬੁੜ੍ਹੀਆਂ ਨੇ ਈ ਕਰਨੇ ਹੁੰਦੇ ਐ।

★ ★ ★

**ਪੱ:** ਸਰਕਾਰ ਨੇ ਜਿਹੜੀ ਪਰਿਵਾਰ ਨਿਯੋਜਨ ਸਕੀਮ ਚਲਾਈ ਆ ਤੁਸੀਂ ਭਲਾ ਉਹਦੇ ਬਾਰੇ ਕਦੇ ਸੁਣਿਐ ?

**ਇ:** ਉਹ ਕੀ ਹੁੰਦੀ ਐ ਬਾਈ ? ਅਸੀਂ ਤਾਂ ਕੁਸ਼ ਨੀਂ ਸੁਣਿਆਂ।

**ਪੱ:** ਮੈਂ ਦਸਦੇਂ। ਆਹੀ ਜਿਹੜਾ ਸਰਕਾਰ ਕਹਿੰਦੀ ਆ ਬਈ ਜੁਆਕ ਜਾਦੇ ਨਾਂ ਹੋਣ। ਥੋਨੂੰ ਇਹ ਗੱਲ ਕਿਵੇਂ ਲੱਗਦੀ ਐ ?

**ਔਰਤਾਂ** : ਅੱਛਾ ਆਹ ਦਫਾ ਹੋਣੇ ਪਰੇਸ਼ਨਾਂ ਆਲਿਆਂ ਦੀ ਗੱਲ ਐ।

**ਦੂਜੀ** : ਉਹੀ ਨੀਂ, ਜਿਹੜੇ ਆਹਦੇ ਆ ਬਈ ਤਿੰਨ ਚਾਰ ਕੀ ਹੋਣ। (ਇਹ ਗੱਲਾਂ ਕਰਕੇ ਉਹ ਹੱਸ ਪਈਆਂ ਜਿਵੇਂ ਇਸ ਗੱਲ ਦਾ ਮਖੌਲ ਉਡਾਉਂਦੀਆਂ ਹੋਣ)

**ਪੱ:** ਹਾਂ...ਹਾਂ..., ਜਾਣੀ ਸਰਕਾਰ ਐਂ ਕਹਿੰਦੀ ਐ ਬਈ ਜੁਆਕ ਜਾਦੇ ਹੋਈ ਜਾਂਦੇ ਆਂ, ਬੰਦਿਆਂ ਦੀ ਗਿਣਤੀ ਵਧੀ ਜਾਂਦੀ ਐ। ਫੇਰ ਉਹਨਾਂ ਨੂੰ ਕੰਮ ਨੀਂ ਮਿਲਦਾ ਤਾਹੀਓਂ ਗਰੀਬੀ ਵਧੀ ਜਾਂਦੀ ਐ।

**ਇ:** ਸਾਡੇ ਤਾਂ ਸਾਰੇ ਜੁਆਕ ਈ ਕੰਮ ਕਰਦੇ ਐ। ਲਾ ਵੱਡਿਓਂ ਛੋਟਾ, ਕੋਈ ਨੀ ਟਿਕਦਾ ਦਿਨ ਰਾਤ। (ਦੂਜੀਆਂ ਨੇ ਲੜੀ ਜੋੜੀ) ਜੁਆਕਾਂ ਖਾਤਰ ਈ ਕਮਾਈਦੈ; ਜੁਆਕਾਂ ਆਸਰੇ ਜੀਉਂਈਦੈ। ਬਾਈ ਬੰਦਿਆਂ ਦੀਓ ਬਰ-ਕਤ ਹੁੰਦੀ ਐ।

**ਪੱ:** ਨਾਂ ਫੇਰ ਥੋਨੂੰ ਲਗਦੈ ਬਈ ਇਹਦਾ ਕੋਈ ਫੈਦਾ ਹੁੰਦਾ ਈ ਨਹੀਂ ? ਮੈਂ ਆਵਦਾ ਵਜਨ ਵੀ ਪਰਿਵਾਰ ਨਿਯੋ-ਜਨ ਦੇ ਹੱਕ 'ਚ ਪਾ ਕੇ ਵੇਖਿਆ।)

**ਇ:** ਐਂ ਕੋਈ ਫੈਦਾ ਤਾਂ ਹੁੰਦਾ ਈ ਹੋਊ (ਜੇ ਤੂੰ ਕਹਿੰਨਾ ਤਾਂ—ਜਾਣੀ, ਇਹ ਸ਼ਬਦ ਉਹਨਾਂ ਭਾਵੇਂ ਮੂੰਹੋਂ ਕਹੇ ਨਹੀਂ ਪਰ ਉਹਨਾਂ ਦਾ ਮਤਲਬ ਇਹੀ ਸੀ। ਤੇ ਉਹ ਫੇਰ ਸੋਚਣ ਲੱਗ ਪਈਆਂ। ਕੁਝ ਚਿਰ ਚੁਪ ਬਣੀ ਰਹੀ ਤੇ ਫੇਰ ਇਕ ਜਾਣੀ ਬੋਲੀ): ਹਾਂ ਬਾਈ ਜੇ ਤਿੰਨ ਚਾਰ ਈ ਹੋਣ ਨਿਆਣੇ-ਧੁਆਣੇ ਤਾਂ ਸੌਖੇ ਹੋ ਜਾਣ। ਨਾਲ ਦੀ ਨਾਲ ਉਹ ਸਾਰੀਆਂ ਹੱਸ ਪਈਆਂ, ਜਿਵੇਂ ਉਹਨਾਂ ਨੂੰ ਇਹ ਵੀ ਕੋਈ ਫੈਦਾ ਨਾਂ ਦੀਂਹਦਾ ਹੋਵੇ)

**ਪੱ:** ਤਾਂ ਫਿਰ ਤੁਸੀਂ ਦੱਸੋ ਗਰੀਬੀ ਦਾ ਕੀ ਕਾਰਨ ਐ ? ਇਹ ਕਿਵੇਂ ਹਟੂ ? ਉਹਨਾਂ ਨੇ ਝੱਟ ਉੱਤਰ ਦਿੱਤਾ : ਬਾਈ ਤੈਨੂੰ ਸਭ ਪਤੈ।

**ਪੱ:** ਆਹੋ ਮੈਨੂੰ ਤਾਂ ਚਲੋ ਭਲਾ ਪਤੈ। ਪਰ ਥੋਨੂੰ ਕੀ ਲਗਦੈ ? (ਮੋੜਵੇਂ ਸੁਆਲ ਨੂੰ ਸੁਣ ਕੇ ਉਹ ਸਾਰੀਆਂ ਸੋਚੀਂ ਪੈ ਗਈਆਂ। ਕੁਝ ਚਿਰ ਚੁੱਪ ਹੋ ਗਈਆਂ, ਫੇਰ ਇਕ ਜਾਣੀ ਬੋਲੀ) : ਆਹ ਜਿਹੜੇ ਮੀਰ ਐ ਨਾਂ। ਇਹ ਚਿੱਟੀ ਬੰਨ੍ਹ ਲੈਂਦੇ ਆ ਪੱਗ, ਚਿੱਟੇ ਪਾ ਲੈਂਦੇ ਆ ਲੀੜੇ...ਪਲੰਘ ਤੇ ਬਹਿ ਜਾਂਦੇ ਆ ਚੜ੍ਹਕੇ। ਇਹ ਡੱਕਾ ਦੂਹਰਾ ਨੀਂ ਕਰਦੇ। ਇਹਨਾਂ ਦਾ ਕੋਈ ਲੋਟ ਬਣੇ ਨਾਂ...।

**ਦੂਜੀ** : ਆਹੋ ਜਾਂ ਤਾਂ ਸਾਰੇ ਈ ਐਂ ਬੈਠਣ ਜਾਂ ਸਾਰੇ ਈ ਕੰਮ ਕਰਨ। ਸਾਥੋਂ ਕਿਤੇ ਐਂ ਬੈਠ ਨਾਂ ਹੋਵੇ ? ਅਸੀਂ ਤਾਂ ਕਮਾਈ ਕਰੀ ਜਾਨੇ ਆਂ, ਗਾਂਹ ਤੁਰੀ ਜਾਂਦੀ ਐ।

**ਪੱ** : ਜਦੋਂ ਤੁਸੀਂ ਪਿੰਡ ਦੇ ਜੁਆਕਾਂ ਨੂੰ ਸਕੂਲ ਜਾਂਦੇ ਦੇਖਦੀਓਂ, ਥੋਡੇ ਚਿਤ 'ਚ ਕੀ ਆਉਂਦੀ ਐ, ਉਹਨਾਂ ਨੂੰ ਦੇਖ ਕੇ ?

**ਇ** : ਬਥੇਰਾ ਆਉਂਦਾ ਚਿਤ 'ਚ। ਆਵਦਾ ਜੀ ਕਰਦੈ ਬਈ ਸਾਡੇ ਜੁਆਕ ਵੀ ਸਕੂਲ ਜਾਣ। ਸਾਡੇ ਜੁਆਕ ਵੀ ਪੜ੍ਹਨ, ਵੱਡੇ ਬਣਨ, ਉੱਚੇ ਹੋਣ।

**ਪੱ** : ਸਰਕਾਰ ਨੇ ਥਾਂ ਥਾਂ, ਪਿੰਡ ਪਿੰਡ ਸਕੂਲ ਖੋਹਲੇ ਆ। ਜੁਆਕਾਂ ਦੀਆਂ ਫੀਸਾਂ ਮਾਫ ਕੀਤੀਆਂ ਤੇ ਗਰੀਬ ਦੇ ਜੁਆਕਾਂ ਨੂੰ ਤਾਂ ਅਗਾਂਹ ਜਾ ਕੇ ਵਜੀਫਾ ਵੀ ਮਿਲਦੈ। ਫੇਰ ਵੀ ਤੁਸੀਂ ਜੁਆਕਾਂ ਨੂੰ ਨਹੀਂ ਪੜ੍ਹਾਉਂਦੀਆਂ।

**ਇਕ ਇਸਤਰੀ** : ਬਾਈ ਪਹੁੰਚ ਨੀਂ ਪੜ੍ਹਾਉਣ ਦੀ।

**ਪੱ** : ਸਰਕਾਰ, ਸਰਕਾਰੀ ਅਫਸਰ ਤੇ ਵੱਡੇ ਆਦਮੀ ਕਹਿੰਦੇ ਆ, ਬਈ ਅਸਲ 'ਚ ਜਿਹੜੇ ਜੁਆਕਾਂ ਨੂੰ ਪੜ੍ਹਨ ਨੀਂ ਲਾਉਂਦੇ, ਉਹਨਾਂ ਦੀ ਅਕਲ ਥੋੜ੍ਹੀ ਆ। ਉਹਨਾਂ ਨੂੰ ਸਮਝ ਘੱਟ ਐ। ਉਹ ਆਪਣਾ ਫੈਦਾ ਕਰੋਦਾ ਨੀਂ ਸੋਚਦੇ।

**ਬੁਢੀ ਬੇਬੇ** : ਹਾਂ ਹੈ ਤਾਂ ਠੀਕ।

**ਦਰਮਿਆਨੀ ਉਮਰ ਦੀ ਇਕ ਔਰਤ** : ਤੇੜ ਝੱਗਾ ਹੋਊ ਤਾਂ ਜਾਊ। ਐਮੇਂ ਕਿਮੇਂ ਸਕੂਲ ਜਾ ਵੜੂ ? ਚੱਜ ਦਾ ਝੱਗਾ ਨਾਂ ਹੋਵੇ ਤਾਂ ਸਕੂਲ ਮੂਹਰੇ ਫੜਕਣ ਨੀਂ ਦਿੰਦੇ।

**ਦੂਜੀ ਔਰਤ** : (ਕੋਲ ਖੜ੍ਹੀ ਇਕ ਪੰਜ ਛੇ ਸਾਲ

ਦੀ ਕੁੜੀ ਵੱਲ ਉਂਗਲ ਕਰਕੇ) ਜੇ ਮੈਂ ਇਹਨੂੰ ਸਕੂਲ ਤੋਰ ਦਿਆਂ, ਜਦੋਂ ਪੱਠੇ ਲੈਣ ਜਾਨੀਂ ਆਂ (ਕੁੱਛੜ ਚੱਕੇ ਜੁਆਕ ਨੂੰ ਹੱਥ ਲਾਕੇ) ਤਾਂ ਐਹਨੂੰ ਕੀਹਦੇ ਕੋਲ ਛੱਡ ਕੇ ਜਾਊਂ। ਘਰ ਦੀ ਰਾਖੀ ਕੌਣ ਬੈਠੂ ? ਸਵੇਰੇ ਰੋਟੀ ਪਕਾਊਂ ਕਿ ਪੱਠਿਆਂ ਨੂੰ ਜਾਊਂ ਕਿ ਇਹਨਾਂ ਨੂੰ ਸਕੂਲ ਜਾਣ ਨੂੰ ਤਿਆਰ ਕਰੂੰ ?

**ਦਰਮਿਆਨੀ ਤੋਂ ਵੱਡੀ ਉਮਰ ਦੀ ਔਰਤ ਨੇ ਗੱਲ ਅੱਗੇ ਤੋਰੀ :** ਲੈ ਬਾਈ ਸਡੇ ਜੁਆਕ ਪੜ੍ਹਦੇ ਆ। ਮੈਥੋਂ ਸੁਣਲੋ। ਕੁੜੀ ਤੀਜੀ 'ਚ ਐ ਤੇ ਮੁੰਡਾ ਦੂਜੀ 'ਚ ਐ। ਤਿੰਨ ਜੀ ਕਮਾਨੇ ਆ । ਪਰਸੋਂ ਆਂਹਦੇ, ਸ਼ਾਹੀ ਮੁਕਗੀ। ਬੇਬੇ ਸ਼ਾਹੀ ਲਿਆਉਣੀ ਆਂ। ਦੋ'ਹ ਰੁਪੱਈਆਂ ਦਾ ਆਟਾ ਲਿਆਂਦਾ ਸੀ ਹੱਟੀਓਂ । ਜੇਬ 'ਚ ਤਾਂ ਖੋਟੀ ਕੌਡੀ ਵਨੀ ਸੀ। ਆਖਣ, ਹੁਣੇ ਲਿਆਉਣੀ ਐ । ਖੜ੍ਹੇ ਪੈਰ ਉਸੇ ਆਟੇ ਚੋਂ ਦੋ ਮੁਠੀਆਂ ਉਹਨਾਂ ਦੀ ਝੋਲੀ ਪਾਈਆਂ ਤਾਂ ਜਾਕੇ ਸ਼ਿਆਈ ਲਿਆਏ। ਲੈ ਦੱਸ, ਅਸੀਂ ਕੀ ਪੜ੍ਹਾਲਾਂਗੇ ਗਾਂਹ।

**ਇਕ ਹੋਰ ਨੇ ਆਪਣੀ ਰਾਇ ਰੱਖੀ :** ਪੜ੍ਹਾਉਣ ਦਾ ਸੁਆਦ ਤਾਂ, ਤਾਂ ਐ, ਘਰ 'ਚ ਦਾਣੇ ਹੋਣ ਆਮ। ਵਿਹਲੇ ਬੈਠਣਾ ਹੋਵੇ ਤੇ ਨੁਆ ਨੁਆ ਕੇ ਤੋਰੀ ਜਾਈਏ ਸਕੂਲ ਨੂੰ। ਜੋ ਕੁਸ਼ ਮੰਗਣ ਉਹੀ ਹਾਜ਼ਰ ਕਰਦੀਏ । ਫੇਰ ਪੜ੍ਹ ਜਾਣ ਸਾਡੇ ਵੀ, ਫੇਰ ਬਥੇਰਾ ਪੜ੍ਹ ਲੈਣ।

**ਨਾਲ ਲਗਦੀ ਹੀ ਦੂਜੀ ਨੇ ਗਲ ਰੱਖ ਦਿੱਤੀ :** (ਚਾਰ ਕੁ ਸਾਲਾਂ ਦੇ ਜੁਆਕ ਵੱਲ ਇਸ਼ਾਰਾ ਕਰਕੇ) ਨਰਮਾ ਚੁਗਣ ਵੇਲੇ ਆਹ ਪਸੇਰੀ ਚੁਗ ਲੈਂਦੇ । ਇਹਨੂੰ ਸਕੂਲ ਘੱਲੀਏ ਕਿ ਨਰਮਾ ਚੁਗਾਈਏ ?

**ਇਕ ਰਾਇ ਹੋਰ ਆ ਗਈ :** ਬਾਈ ਸੱਚੀ ਗੱਲ ਐ। ਬਥੇਰਾ ਜੀ ਕਰਦੈ ਬਈ ਨਿਆਣੇ ਪੜ੍ਹ ਜਾਣ, ਪਰ ਕੰਮ ਦਾ ਲਾਲਚ ਉਤੋਂ ਦੀ ਪੈ ਜਾਂਦੈ।

**ਪੱ :** ਜਾਣੀ ਥੋਡਾ ਕਹਿਣ ਦਾ ਮਤਲਬ ਐਂ ਬਣਿਆਂ ਬਈ ਜਿਹੜੇ ਕਹਿਦੇ ਆ ਇਹਨਾਂ ਨੂੰ ਜੁਆਕ ਪੜ੍ਹਾਉਣ ਦੀ ਅਕਲ ਨੀਂ, ਅਸਲ 'ਚ ਉਹਨਾਂ ਨੂੰ ਰੈਅ ਦੇਣ ਦੀ ਅਕਲ ਨੀਂ।

**ਇ :** ਉਹਨਾਂ ਨੂੰ ਆਪੇ ਅਕਲ ਨੀਂ, ਜਦੋਂ ਉਹਨਾਂ ਨੂੰ ਪਤਾ ਨੀਂ ਬਈ ਘਰਾਂ ਦਾ ਗੁਜ਼ਰਾ ਕਿਵੇਂ ਤੁਰਦੈ।

**ਪੱ :** ਤੁਸੀਂ ਖੇਤਾਂ 'ਚ ਕੰਮ ਧੰਦਾ ਕਰਨ ਜਾਨੀਓਂ ਪੱਠੇ ਲੈਣ ਵੀ ਜਾਨੀਉਂ। ਕਦੀ ਰਾਹ-ਖਹਿੜੇ ਬੋਲ ਕਬੋਲ ਕਰਦੇ ਹੋਣਗੇ ਜਾਂ ਖੇਤਾਂ ਵਾਲੇ ਮਾੜਾ ਚੰਗਾ ਚੰਗਾ ਬੋਲਦੇ ਹੋਣਗੇ ?

**ਇ :** ਆਹੋ ਬਾਈ ਸਾਗ ਤੋੜਨੋਂ ਵੀ ਡਰੀਦਾ। ਕੋਈ ਐਵੇਂ ਸੜਿਆ ਜੱਟ ਗਾਲ੍ਹ ਨਾ ਕੱਢ ਦੇਵੇ। ਚਾਰ ਫਲੀਆਂ ਗੁਆਰੇ ਦੀਆਂ ਦਾਲ ਵਾਸਤੇ ਤੋੜਨੀਆਂ ਹੋਣ ਤਾਂ ਵੀ ਧੁੜਕੂ ਰਹਿੰਦੈ, ਕੋਈ ਐਮੇ ਨਾ ਕੁਸ਼ ਕਹਿ ਦੇਵੇ। ਪਲੋਂ ਦੋ ਚਾਰ ਡੱਕਿਆਂ ਨਾਲ ਖੇਤ ਤਾਂ ਨੀ ਖਾਲੀ ਹੋ ਜਾਣਾ ਹੁੰਦੈ। ਐਪੇ ਜੱਟਾਂ ਨੂੰ ਮੋਰ ਈ ਜਾੜ੍ਹੇ ਹੁੰਦੀ ਐ। ਓਤੋਂ ਕਿਹੜੀ ਪੰਡ ਬੰਨ੍ਹ ਕੇ ਲਿਔਨੀ ਹੁੰਨੀ ਆ। ਕਈ ਕਹਿਣਗੇ ਜੀਹਦੇ ਨਰਮਾ ਚੁਗਣ ਗਈਆਂ ਸੀ ਉਸੇ ਦੇ ਖੇਤ 'ਚ ਜਾਊ।

**ਪੱ :** ਮੇਰਾ ਮਤਲਬ ਸੀ ਬਈ ਕਈ ਵਾਰੀ ਐਂਵੇਂ ਈ ਵਿਗੜੇ-ਤਿਗੜੇ ਕਈ ਲਫੰਗੇ ਬਿਨਾਂ ਗੱਲੋਂ ਪੁੱਠਾ ਸਿੱਧਾ ਬੋਲਣੋਂ ਨੀਂ ਹਟਦੇ ਹੁੰਦੇ।

**ਇ :** ਨਹੀਂ। ਆਪਣੇ ਪਿੰਡ 'ਚ ਇਹੋ ਜਿਹਾ ਕੁਸ਼ ਹੈਨੀ। ਆਪਣੇ ਮੁੰਡਿਆਂ ਦਾ ਆਪਣਾ ਲਗੱਪ ਐ । ਜਦੋਂ ਕੋਈ ਗੱਲ ਹੋ ਜੇ ਸਾਰਾ ਵਿਹੜਾ ਇਕੋ ਪਾਸੇ ਖੜ੍ਹ ਜਾਂਦੈ। ਮੇਰੇ ਪਹਿਲੇ ਦਾ ਏਥੇ ਕੋਈ ਡਰ ਨੀਂ । ਜਦੋਂ ਭਾਈ ਕਿਸੇ 'ਤੇ ਆਪਦੇ 'ਚ ਨਕਸ ਹੋਊ, ਉਹਦੇ ਨਾਲ ਅਗਲੇ ਓਹੋ ਜੇ ਹੋ ਜਾਂਦੇ ਆ । ਉਹਦਾ ਕੀ ਗਿਣਨੈਂ ਆਪਾਂ। ਬਾਕੀ ਬਾਈ ਬਾਹਰਲੇ ਪਿੰਡਾਂ 'ਚ ਬਥੇਰਾ ਕੁਜ ਹੁੰਦੈ।

**ਪ :** ਉਂ ਤਾਂ ਬੁੜ੍ਹੀਆਂ ਨੂੰ ਬੰਦਿਆਂ ਨਾਲ ਐਹੋ ਜਿਹੀਆਂ ਗੱਲਾਂ ਕਰਨੀਆਂ ਔਖੀਆਂ ਹੁੰਦੀਆਂ। ਕੋਈ ਕੜੀ ਥੋਡੇ ਨਾਲ ਗੱਲ ਕਰਨ ਆਉਂਦੀ ਉਹਦੇ ਨਾਲ ਥੋਨੂੰ ਕਰਨੀਆਂ ਸੌਖੀਆਂ ਸੀ । ਪਰ ਇਹ ਆਪਣੇ ਵੱਸ ਦੀ ਗੱਲ ਨਹੀਂ। ਪਰ ਫੇਰ ਵੀ ਤੁਸੀਂ ਮੈਨੂੰ ਕੋਈ ਇਹੋ ਜੀ ਹੱਡ ਬੀਤੀ ਜਾਂ ਕਿਸੇ ਹੋਰ ਨਾਲ ਬੀਤੀ ਸੁਣਾਉ, ਜਿਹਦੇ 'ਚ ਕੋਈ ਵੱਡੀ ਜ਼ਿਆਦਤੀ ਹੋਈ ਹੋਵੇ। ਥੋਨੂੰ ਬਹੁਤ ਰੜਕਦੀ ਹੋਵੇ।

**ਇ :** ਆਹੋ, ਐਂ ਤਾਂ ਗੱਲ ਕਰਨੀ ਔਖੀ ਹੁੰਦੀ ਐ, ਪਰ ਐਥੇ ਕਿਸੇ ਨਾਲ ਕੋਈ ਐਹੋ ਜਾ ਕੁਜ ਨੀਂ ਹੋਇਆ।

(ਸਾਫ ਲਗਦਾ ਸੀ ਕਿ ਉਹ ਗੱਲ ਕਰਨ ਤੋਂ ਝਿਜਕ ਰਹੀਆਂ ਹਨ ਤੇ ਮੈਂ ਕੁਸ਼ ਨਾ ਕੁਸ਼ ਉਹਨਾਂ ਤੋਂ ਜਾਨਣਾ ਚਾਹੁੰਦਾ ਸੀ ਤੇ ਫੇਰ ਪੁਛਿਆ)

**ਪ :** ਕਿਸੇ ਦੂਰ ਨੇੜੇ ਦੀ ਸੁਣੀ ਸੁਣਾਈ ਹੋਵੇ।

**ਇ :** ਨਹੀਂ ਐਹੋ ਜੀ ਕਦੇ ਨੀਂ ਸੁਣੀ। (ਉਹਨਾਂ ਨੇ ਆਪਣੀ ਝਿਜਕ ਨਾ ਛੱਡੀ।)

**ਪ :** ਅੱਛਾ ਇਹ ਦੱਸੋ, ਜਦੋਂ ਕਿਸੇ ਬੁੜ੍ਹੀ-ਕੁੜੀ ਨਾਲ ਕੋਈ ਵਾਧਾ ਵੱਗਾ ਕਰਦੈ ਜਾਂ ਜ਼ਿਆਦਤੀ ਕਰਦੈ ਤਾਂ ਕੀ ਪੁਲਸ ਕੋਈ ਮਦਤ ਕਰਦੀ ਹੈ ? ਕੀ ਪਿੰਡ ਦੀ ਪੰਚੈਤ ਕੋਈ ਆਸਰਾ ਦਿੰਦੀ ਐ ?

**ਕਈ ਇਸਤਰੀਆਂ ਬੋਲ ਪਈਆਂ ਇਕ ਦਮ :** ਪੁਲਸ ?...ਪੁਲਸ ਆਲੇ ਨਾ ਹੋਰ ਕੁਸ ! ਇਹ ਤਾਂ ਮੜੀ ਦੇ ਬਾਰ ਐ। ਪਹਿਲਾਂ ਹੱਡ ਮੰਗਦੇ ਐ ਖਾਣ ਨੂੰ। ਏਨ੍ਹਾਂ ਨੂੰ ਕਿਥੋਂ ਦੇਦੂ ਕੋਈ ਸੌਖੇ। ਏਨ੍ਹਾਂ ਦੇ ਤਾਂ ਬੱਬਰ ਵੱਢੇ ਆ।

(ਨਾਲ ਦੀ ਦੂਸਰੀ ਨੇ ਪੰਚੈਤ ਤੇ ਪੋਚਾ ਫੇਰ ਦਿੱਤਾ) : ਜੱਟ ਤਾਂ ਜੱਟਾਂ ਦੇ ਈ ਹੁੰਦੇ ਐ। ਪੰਚੈਤ ਆਲੇ ਤਾਂ ਬੋਲ ਮਾਰਿਆਂ ਹੁੰਗੂਰਾ ਈ ਨੀ ਦਿੰਦੇ।

(ਤੀਜੀ ਨੇ ਗੱਲ ਮੁਕਾਈ) ਇਹ ਤਾਂ ਬਾਈ ਆਵਦਾ ਭਾਈਚਾਰਾ ਆ। ਟੋਟੂ ਪਊ ਕੋਈ ਨੀਂ । ਭਾਈਚਾਰਾ ਈ ਭੀੜ ਪਈ ਤੋਂ ਬਹੁੜਦੈ। ਵੱਧ ਕਰਲੋ ਘੱਟ ਕਰਲੋ।

**ਪੱ :** ਜਦੋਂ ਤੁਸੀਂ ਜੱਟਾਂ ਦੀਆਂ ਬੁੜ੍ਹੀਆਂ ਨਾਲ ਬਾਹਰ ਅੰਦਰ ਕੰਮ ਧੰਦਾ ਕਰਦੀਓਂ, ਉਹ ਵੀ ਥੋਨੂੰ ਚੰਗਾ ਮੰਦਾ ਬੋਲਦੀਆਂ।

**ਇ :** ਬਥੇਰੀਆਂ ਝੰਡਾਂ ਕਰਦੀਆਂ । ਕਈਆਂ ਦੀ ਤਾਂ ਜ਼ਬਾਨ ਜਾਂਦੇ ਈ ਚਲਦੀ ਆ। ਕਈ ਕਹਿਣਗੀਆਂ ਥੋਡੀ ਕੀ ਰੀਸ ਐ। ਤੁਸੀਂ ਤਾਂ ਤਾਜਾ ਲਿਔਨੀਓਂ, ਤਾਜਾ ਖਾਨੀਓਂ। ਤੁਸੀਂ ਤਾਂ ਐਸ਼ ਕਰਦੀਓਂ । ਮੈਂ ਤਾਂ ਇਕ ਦਿਨ ਅੱਕਕੇ ਮੂੰਹ ਤੇ ਈ ਕਹਿਤਾ (ਕਿਸੇ ਦੀ ਬਹੂ ਦਾ ਨਾਂ ਲੈ ਕੇ ਉਹ ਬੋਲੀ) ਰੱਬ ਕਰਕੇ ਤੁਸੀਂ ਸਾਡੇ ਥਾਂ ਆਜੋ, ਅਸੀਂ ਥੋਡੇ ਥਾਂ ਆਜੀਏ । ਤੁਸੀਂ ਐਸ਼ ਕਰੋ। ਤਾਜਾ ਲਿਆਓ, ਤਾਜਾ ਖਾਓ । ਅਸੀਂ ਬੇਹੇ ਦਾਣਿਆਂ ਦੀ ਬੁਖਾਰੀ ਕੋਲ ਵਿਹਲੀਆਂ ਬਹਿ ਕੇ ਦੁਖ ਝੱਲੀਏ। ਬਸ ਬਾਈ ਉਹ ਦਿਨ ਗਿਆ, ਮੁੜ ਕੇ ਨੀਂ ਬੋਲੀ ਕਿਤੇ ਇਹੋ।

**ਇਕ ਹੋਰ ਨੇ ਦੱਸਿਆ** : ਆਪਾਂ ਤਾਂ ਮੂੰਹ ਤੇ ਈ ਕਹਿ ਦੇਈਦਾ : ਕੋਈ ਨਾਂ ਕਦੇ ਸਾਡੇ ਦਿਨ ਵੀ ਆਉਣਗੇ। (ਦੂਜੀ ਨੇ ਉਹਦੀ ਗੁਆਹੀ ਭਰੀ) ਬਾਈ ਇਹ ਤਾਂ ਜਮਾਂ ਨੀਂ ਜਰਦੀ। ਮੂੰਹ ਤੇ ਮਾਰਦੀ ਐ।

● **ਪੱ** : ਕਈ ਲੋਕਾਂ ਦਾ ਵਿਚਾਰ ਐ ਬਈ ਕਈ ਬੰਦੇ ਜੰਮਦੇ ਈ ਉਚੇ ਹੁੰਦੇ ਐ. ਤੇ ਕਈ ਜੰਮਦੇ ਈ ਨੀਵੇਂ ਹੁੰਦੇ ਐ। ਜਾਣੀ ਬੰਦਿਆਂ ਬੰਦਿਆਂ 'ਚ ਈ ਫਰਕ ਹੁੰਦੈ। ਥੋਨੂੰ ਕਿਵੇਂ ਲਗਦੈ ?

(ਉਹ ਥੋੜਾ ਸੋਚਣ ਲੱਗ ਪਈਆਂ)

**ਬੁੱਢੀ ਬੇਬੇ** : ਆਹੋ ਫਰਕ ਤਾਂ ਹੁੰਦਾ ਈ ਐ।

(ਦੂਸਰੀ ਨੇ ਝੱਟ ਗੱਲ ਕੱਟ ਦਿੱਤੀ) ਕਿਉਂ ? ਫਰਕ ਕਾਹਦੈ ? ਓਹੀ ਪਾਣੀ ਇਕੋ ਲਹੂ ਵਗਦੈ। ਉਹੀ ਹੱਡ ਮਾਸ ਦੇ ਬੰਦੇ ਉਹ ਹੁੰਦੇ ਐ. ਉਹੀ ਹੱਡ ਮਾਸ ਦੇ ਇਹ।

(ਦੂਸਰੀ ਨੇ ਅਸਲ ਗੱਲ ਕਹੀ) : ਬਾਈ ਬੰਦੇ ਬੰਦੇ 'ਚ ਕੀ ਫਰਕ ਹੋਵੇ। ਜੀਹਦੇ ਕੋਲ ਮਿੱਟੀ ਦੀਆਂ ਦੋ ਮੁੱਠਾਂ ਉਹ ਉੱਚੇ. ਜੀਹਦੇ ਕੋਲ ਚਾਰ. ਉਹ ਜਾਦੇ ਉੱਚੇ।

**ਇਕ ਹੋਰ** : ਸਾਨੂੰ ਰੱਬ ਨੇ ਦੋ ਦੋ ਹੱਥ ਦਿੱਤੇ ਐ। ਦਸ ਦਸ ਉਂਗਲਾਂ। ਆਵਦੀਆਂ ਦਸਾਂ ਨਾਂ ਕਮਾਨੇ ਆਂ. ਦਸਾਂ ਨਾ ਖਾਨੇ ਆਂ। ਕਿਸੇ ਦੇ ਮੂਹਰੇ ਤਾਂ ਨੀਂ ਅੱਡਦੇ। ਨੀਵੇਂ ਤਾਂ ਹੋਈਏ. ਜੇ ਕਿਸੇ ਦੇ ਮੂਹਰੇ ਅੱਡੀਏ।

**ਪੱ** : ਤੁਸੀਂ ਐਥੇ ਆਵਦੇ ਬੈਠਦੀਓਂ. ਘਰੇ ਮੰਜੇ ਤੇ ਬੈਠੋ ਜਾਂ ਪੀਹੜੀ ਤੇ। ਆਵਦਾ ਚੁਲ੍ਹਾ ਚੌਂਕਾ ਜਿਥੇ ਮਰਜੀ ਬੈਠੋ। ਪਰ ਤੁਸੀਂ ਕਿਸੇ ਜੱਟਾਂ ਦੇ ਘਰੀਂ ਕੰਮ ਕਰਨ ਜਾਨੀਓਂ ਤਾਂ ਉਥੇ ਥੱਲੇ ਬੈਠਣਾ ਪੈਂਦੇ। ਰੋਟੀ ਵੀ ਹੇਠਾਂ ਬੈਠ ਕੇ ਈ ਖਾਣੀ ਪੈਂਦੀ ਹੈ। ਭਾਂਡੇ ਤੁਸੀਂ ਆਵਦੇ ਲਿਜਾਨੀਓਂ। ਜਦੋਂ ਥੋਡੇ ਨਾਲ ਐਂ ਹੁੰਦੈ ਥੋਨੂੰ ਕਿਵੇਂ ਲਗਦੈ ?

**ਇ** : ਬਥੇਰਾ ਲਗਦੈ ਬਾਈ। ਚਿਤ 'ਚ ਗੁੱਸਾ ਵੀ ਆਉਂਦੈ। ਮੂੰਹ 'ਚ ਗਾਲਾਂ ਵੀ ਲਈਦੀਆਂ। ਪਰ ਕੀ ਕਰੀਏ ਜਾਣਾ ਪੈਂਦੈ। ਜੇ ਗੌਂਅ ਨਾਂ ਹੋਵੇ. ਅਸੀਂ ਤਾਂ ਕਿਸੇ ਭੜੀਜੇ ਦੀ ਦੇਹਲੀ ਤੇ ਨਾਂ ਥੁੱਕੀਏ। ਇਹ ਤਾਂ ਉਹੀ ਗੱਲ ਐ ਅਖੇ ਗੌਂ ਭਨਾਵੇ ਜੌਂ, ਭਾਵੇਂ ਗਿੱਲੇ ਈ ਹੋਣ।

ਕਈ ਕਹਿਣਗੀਆਂ ਪਿਛੇ...ਪਿਛੇ...ਪਿੱਛੇ ਹੋ ਕੇ ਬੈਠ...ਜਿਵੇਂ ਵਿਹੁ ਚੜ੍ਹਦੀ ਹੋਵੇ।

**ਇਕ ਹੋਰ** : ਨਹੀਂ ਨੀਂ. ਕਈਆਂ ਘਰਾਂ ਦਾ ਤਾਂ ਫਰਕ ਐ।

**ਦੂਜੀਆਂ** : ਨਈਂ. ਕੋਈ ਫਰਕ ਨੀਂ ਕਿਸੇ ਦਾ। ਸਭ ਇਕ ਦੂਜੇ ਤੋਂ ਚੜ੍ਹਦੇ ਆ। ਕੀ ਕਹਿਣੈ ਐਮੇਂ ਉੱਨੀ ਇੱਕੀ ਦਾ ਫਰਕ ਹੋਵੇ। ਕੋਈ ਵਿਰਲਾ ਭਾਵੇਂ ਚੰਗਾ ਹੋਵੇ।

**ਇਕ ਹੋਰ** : ਜੇ ਸਾਡੇ ਘਰੀਂ ਦਾਣੇ ਨਾਂ ਮੁੱਕਣ, ਨਾਂ ਅਸੀਂ ਕਿਸੇ ਦੇ ਘਰੇ ਜਾਈਏ. ਨਾਂ ਐਹੋ ਜਾ ਕਹਾਈਏ। ਚੌਂਤੇ ਤੇ ਬਹਿ ਕੇ ਪਕਾਈਏ. ਆਵਦੇ ਤੇ ਖਾਈਏ। ਜੇ ਕਿਤੇ ਐਂ ਹੋ ਜੇ ਮੈਂ ਤਾਂ ਉਹਨਾਂ ਨੂੰ ਆਵਦੇ ਚੌਂਤੇ ਤੇ ਨਾਂ ਚੜ੍ਹਨ ਦਿਆਂ।

**ਇਕ ਹੋਰ** : ਜੇ ਕਿਤੇ ਮੌਕਾ ਲੱਗੇ ਤਾਂ ਆਹ ਗੱਲ ਪੁੱਛਣੀ ਹੋਵੇ। ਜਦੋਂ ਸਰਦਾਰਨੀਆਂ ਨੂੰ ਖਾ ਖਾ ਕੇ ਹੋ ਜਾਂਦੈ ਬੱਤ ਪਲੱਸ਼ਰ, ਨਾਂ ਤਾਂ ਫੇਰ ਬਾਂਹ ਹਿਲਦੀ ਐ. ਨਾਂ ਲੱਤ। ਨਾਂ ਉਠਿਆ ਜਾਂਦੈ, ਨਾਂ ਬੈਠਿਆ। ਉਦੋਂ ਸਾਥੋਂ ਗਾਂ ਦੀ ਧਾਰ ਵੀ ਕਢਾ ਲੈਂਦੀਆਂ। ਦੁੱਧ ਵੀ ਰਿੜਕਾ ਲੈਂਦੀਆਂ ਆਟਾ ਗੁੰਨ੍ਹਾ ਲੈਂਦੀਆਂ। ਉਦੋਂ ਸਾਡੀ ਭਿੱਟ ਨੀਂ ਚੜ੍ਹਦੀ ? ਉਦੋਂ ਕਿਮੇਂ ਸਰਦੈ। ਮਿੱਠਾ ਜਾ ਮੂੰਹ ਬਣਾ ਕੇ ਕਹਿਣਗੀਆਂ (ਉਹਨੇ ਪੂਰੀ ਤਰ੍ਹਾਂ ਸਾਂਗ ਲਾ ਕੇ ਦੱਸਿਆ) ਲੈ ਨੀ ਭੈਣੇ ਗੁਰਨਾਮ ਕੁਰੇ ਤੂੰ ਆਗੀ। ਆਹ ਚਟੂਰੇ 'ਚ ਘਿਓ ਕੱਢਣ ਆਲਾ ਪਿਆ, ਕੱਢਦੀਂ ਸੁਆਰ ਕੇ। ਘਿਓ ਵੀ ਕਢਾ ਲੈਂਦੀਆਂ। ਭਲਾ ਪੁਛਣਾ ਹੋਵੇ ਗਾਮੋ ਚੂਹੜੀ ਹੁਣ ਗੁਰਨਾਮ ਕੁਰ ਕਿਮੇਂ ਬਣਗੀ। (ਨਾਲ ਲਗਦਿਆਂ ਹੀ ਉਹ ਸਾਰੀਆਂ ਜਾਣੀਆਂ ਹੱਸ ਪਈਆਂ) ਤੇ ਹਾਸੇ ਨੂੰ ਮਾਣਦੀਆਂ ਰਹੀਆਂ ਜਿਵੇਂ ਜਿੱਤ ਕੇ ਹਟੀਆਂ ਹੋਣ।)

**ਪੱ** : ਜਦੋਂ ਤੁਸੀਂ ਕਿਸੇ ਦੇ ਮੂੰਹੋਂ ਆਵਦੇ ਬਾਰੇ ਚੂਹੜੀਆਂ ਸੁਣਦੀਓਂ ਤਾਂ ਕੀ ਮਹਿਸੂਸ ਹੁੰਦੈ ? ਕੀ ਥੋਨੂੰ ਮੂੰਹ ਤੇ ਵੀ ਇਉਂ ਕਿਹਾ ਜਾਂਦੈ।

**ਇ** : ਲੈ ਜਦੋਂ ਕਿਸੇ ਘਰ ਜਾਈਦੈ। ਜੁਆਕ ਖੇਡਦਾ ਖੇਡਦਾ ਲਿਬੜਜੇ ਮੂੰਹ ਬਣਾਕੇ ਕਹਿਣਗੀਆਂ— ਹੈਅ...ਅ...ਚੂਹੜਾ...ਹੀ ਦਾ ਹੋ ਗਿਆ। ਉਹਨਾਂ ਦੀਆਂ ਜੁਆਕੜੀਆਂ ਇਕ ਦੂਜੀ ਨਾਲ ਲੜ ਪੈਣ, ਕਹਿਣਗੀਆਂ : ਨੀ ਚੂਹੜੀ ਹਰਾਮਜਾਦੀ—ਦੂਜੀ ਕਹੂ ਤੇਰੀ ਮਾਂ ਚੂੜ੍ਹੀ, ਤੇਰਾ ਪਿਉ ਚੂਹੜਾ। ਬਸ ਉਦੋਂ ਹਾਲ ਪੁਛਿਆ ਈ ਜਾਣਦੇ ਕਾਲਜੇ 'ਚ ਦਾਤੀ ਫਿਰਦੀ ਐ। ਪਰ ਪੇਸ਼ ਕੋਈ ਨੀਂ ਜਾਂਦੀ। ਸਾਨੂੰ ਬਾਹੀ ਮਲੋਂ ਈ ਗਿਰਿਆ ਸਮਝਦੇ ਆ।

● **ਪੱ** : ਇਹ ਗੱਲਾਂ ਤਾਂ ਹੋਈਆਂ ਬਗਾਨਿਆਂ ਬਾਰੇ, ਦੂਜਿਆਂ ਬਾਰੇ। ਭਲਾ ਆਵਦੇ ਘਰਾਂ 'ਚ ਆਪਦੇ ਆਦਮੀ ਵੀ ਕੋਈ ਘਰ ਘੱਪ ਕਰਦੇ ਆ ਜਾਂ ਕੋਈ ਰੋਅਬ ਦਾਅਬ ਰਖਦੇ ਆ ? ਤੁਸੀਂ ਜਕਿਓ ਨਾਂ ਇਹਦੇ ਬਾਰੇ।

**ਇਕ ਜਾਣੀ** : ਬਾਈ ਓਹਨੂੰ ਜੂਆ ਖੇਡਣੋਂ ਹਟਾ ਦਿਓ। ਜੇ ਕਿਤੇ ਹਟਜੇ ਨਾਂ ਏਸ ਕੰਮ ਤੋਂ।

**ਦੂਜੀ** : ਬਸ ਓਹ ਅਮਲੀਆਂ ਦਸਾਂ ਸਕੀਰੀਆ ਨੂੰ ਘਰੇ ਢੋਈ ਬੈਠਾ। ਉਹਨਾਂ ਨੂੰ ਕਿਥੋਂ ਖਆਈਏ ਲੰਗਰ ? ਜੇ ਬੋਲੀਏ ਤਾਂ ਲੜਾਈ ਪੈਂਦੀ ਐ। ਉਸਨੂੰ ਸਮਝਾਈ ਭਲਾ ਐਂ ਘਰ ਦਾ ਗੁਜ਼ਾਰਾ ਕਿਮੇਂ ਚੱਲੂ।

**ਇਕ ਹੋਰ** : ਘਰਾਂ 'ਚ ਵਰਤਣ ਨੂੰ ਸੌਦਾ ਪੱਤਾ ਹੁਧਾਰ ਸੁਧਾਰ ਵੀ ਫੜਨਾ ਪੈਂਦੈ। ਜਦੋਂ ਕੋਈ ਚੀਜ ਲਿਔਣੀ ਹੋਵੇ ਉਦੋਂ ਤਾਂ ਸਾਡੇ ਸਿਰ। ਜਦੋਂ ਪੈਸੇ ਦੇਣੇ ਪੈਣ ਉਦੋਂ ਕਹਿਣਗੇ ਕੀ ਲਿਆਂਦਾ ? ਕਿਉਂ ਲਿਆਂਦਾ ? ਅਸੀਂ ਕਿਥੋਂ ਲਿਖਾ ਕਰਾਕੇ ਰੱਖ ਲੀਏ।

(ਗੱਲ ਪੂਰੀ ਤਰ੍ਹਾਂ ਤੁਰਦੀ ਨਾਂ ਵੇਖ ਕੇ ਮੈਂ ਫੇਰ ਕਿਹਾ ਕਿ ਤੁਸੀਂ ਬੇਫਿਕਰ ਹੋ ਕੇ ਖੁਲ੍ਹ ਕੇ ਰੱਖੋ ਤੇ ਇਕ ਜਾਣੀ ਨੂੰ ਗੱਲ ਤੋਰਨ ਲਈ ਕਿਹਾ। ਉਸਨੇ ਉੱਤਰ ਦਿੱਤਾ) : ਬਾਈ ਇਹ ਗੱਲਾਂ ਜਾਦੇ ਟੈਮ ਲਾਕੇ ਕਰਨ ਆਲੀਆਂ। ਜਦੋਂ ਖੁਲ੍ਹਜੀਆਂ ਮੁੱਕਣ 'ਚ ਨੀਂ ਆਉਣੀਆਂ। ਨਾਲੇ ਕੱਲੇ ਕੱਲੇ ਨਾਂ ਕਰਨ ਆਲੀਆਂ।

(ਇਕ ਜਾਣੀ ਨੇ ਤਾਂ ਜਕਦੀ ਜਕਾਉਂਦੀ ਨੇ ਰੱਖ ਹੀ ਦਿੱਤੀ) ਬਾਈ ਸਾਡੇ ਆਲਾ ਤਾਂ ਦੂਜੇ ਚੌਥੇ ਦਿਨ ਕੁੱਟ ਧਰਦੈ. ਬਿਨਾਂ ਗੱਲ ਤੋਂ। ਅਸੀਂ ਕੀ ਕਰੀਏ ? (ਦੂਜੀਆਂ ਨੇ ਹੁੰਗਾਰਾ ਭਰਿਆ) ਸੱਚੀ ਗੱਲ ਐ ਇਹਦੀ ਤਾਂ ਵਿਚਾਰੀ ਦੀ। (ਉਹਦੇ ਘਰ ਵਾਲੇ ਦੇ ਹੋਣ ਦੇ ਧਾ ਲਗਦੀ ਇਕ ਕੁੜੀ ਵਿਚੋਂ ਹੀ ਬੋਲ ਪਏ) ਕੁੱਟ ਪਾਂ ਨਾਂ। ਜਦੋਂ ਤੂੰ ਐਨਾਂ ਜੁਆਕੜੀਆਂ ਨੂੰ ਪਿਤ੍ਰੋਂ ਦਾਂਆਂ ਰੋਨਾਂ ਪਰਖਣੀਐਂ। ਭਲਾ ਉਹਦੀਆਂ ਧੀਆਂ ਤੇਰੇ ਪਿਤ੍ਰੋਂ ਦੀਆਂ ਰੋਨਾ ਕਿਮੇਂ ਬਣਗੀਆਂ। ਨਾਲੇ ਧੇ ਧੇ ਕੁੱਟ ਸਿਟਦੀ ਐ। (ਦੂਜੀਆਂ

ਬੜ੍ਹੀਆਂ ਨੇ ਗੱਲ ਹਾਸੇ ਪਾ ਲਈ) ਲੇਨੀ ਸੀ. ਡੀ. ਆਈ. ਵੀ ਵਿਚੇ ਬੈਠੀ ਸੀ । ਵਿਰੋਧੀ ਪਾਰਟੀ ਵੀ ਵਿਚੋਂ ਈ ਉਠ ਖੜ੍ਹੀ । ਦੇਖੋ ਹੁਣ ਕਿਮੇਂ ਬਣਦੀ ਐ । ਸਾਰੀਆਂ 'ਚ ਹਾਸਾ ਪੈ ਗਿਆ । ਮੈਨੂੰ ਲੱਗਿਆ ਗੱਲ ਗੰਭੀਰਤਾ ਨਾਲ ਨਹੀਂ ਤੁਰਨੀ ਤੇ ਏਸ ਹਾਲਤ 'ਚ ਕਿਸੇ ਨੇ ਖੁਲ੍ਹ ਕੇ ਨਹੀਂ ਰੱਖਣੀ ਸੁ ਇਹ ਦੁਖਦਾ ਮਸਲਾ ਵਿਚੇ ਛੱਡਣਾ ਪਿਆ)

● ਪੱ : ਜਿਹੜੀਆਂ ਕੁੜੀਆਂ ਸਕੂਲਾਂ 'ਚ ਪੜ੍ਹਾਉਂਦੀਆਂ. ਜਾਂ ਹੋਰ ਸਰਕਾਰੀ ਨੌਕਰੀਆਂ ਕਰਦੀਆਂ. ਉਹਨਾਂ ਨੂੰ ਨਿਕਾ-ਨਿਆਣਾ ਹੋਣ ਵੇਲੇ ਪੰਜ ਮਹੀਨੇ ਦੀਆਂ ਛੁੱਟੀਆਂ ਮਿਲ ਜਾਂਦੀਆਂ । ਨੌਕਰੀ ਦੀ ਤਨਖਾਹ ਘਰੇ ਬੈਠੀਆ ਨੂੰ ਮਿਲਦੀ ਐ । ਤੇ ਹੋਰ ਸਹੂਲਤਾਂ ਵੀ ਮਿਲਦੀਆਂ । ਹੋਰ ਚੰਗੇ ਤਕੜੇ ਘਰਾਂ ਦੀਆਂ ਬੁੜ੍ਹੀਆਂ ਕੁੜੀਆਂ ਵੀ ਕਈ ਮਹੀਨੇ ਪਹਿਲਾ ਹੀ ਕੰਮ ਛੱਡ ਦਿੰਦੀਆਂ । ਥੋਨੂੰ ਕਿੰਨਾ ਕੁ ਚਿਰ ਪਹਿਲਾਂ ਵਿਹਲ ਮਿਲ ਜਾਂਦੀ ਆ ।

**ਕਈ ਇਸਤਰੀਆਂ ਇਕ ਦਮ ਬੋਲੀਆਂ** : ਪੰਜ ਮਹੀਨੇ ਨਾਂ ਪੰਜ...ਪੰਜ ਤਾਂ ਦਿਨ ਨੀਂ ਮਿਲਦੇ । ਪੰਜ ਦਿਨ ਮਿਲੇ ਜਾਣ ਤਾਂ ਵਾਧੂ ਐ । ਏਥੇ ਤਾਂ ਦਿਨ ਤੇ ਕੰਮ ਜਾ ਪੈਂਦੇ । ਦਪਹਿਰੇ ਦਾਤੀ ਰੰਬਾ ਸੁੱਟਿਆ ਤੇ ਆਥਣ ਨੂੰ...

ਇਕ ਹੋਰ ਬੋਲੀ : ਆਥਣ ਨੂੰ ਪੱਠਿਆਂ ਦੀ ਪੰਡ ਲਿਆਂਦੀ ਤੇ ਦੋ ਘੰਟਿਆਂ ਪਿੱਛੋਂ ਜੁਆਕ ਜੰਮ ਤਾ । (ਤੇ ਇਹੋ ਜਿਹੇ ਕਈ ਕੇਸ ਉਹਨਾਂ ਨੇ ਉਂਗਲਾਂ ਤੇ ਗਿਣਾ ਦਿੱਤੇ)

**ਪ** : ਕਈ ਕਹਿੰਦੇ ਆ ਬਈ ਕੰਮ ਕਰਨ ਵਾਲੀਆਂ ਬੁੜ੍ਹੀਆਂ ਉਂਈਂ ਤਕੜੀਆਂ ਹੁੰਦੀਐਂ ।

**ਔਰਤਾਂ** : ਬੰਦਿਆਂ ਨੇ ਸੀਰ ਸੱਪੇ ਜਾਣਾ ਹੁੰਦੈ । ਜੇ ਕੰਮ ਛਡ ਕੇ ਬਹਿਜੀਏ, ਪਸੂ ਭੁੱਖੇ ਮਰਦੇ ਆ—ਜੁਆਕਾਂ ਨੂੰ ਲੰਗਰ ਕੌਣ ਦੇਊ । ਜਾਂ ਜੁਆਕ ਭੁੱਖੇ ਰਖੋ ਜਾਂ ਕੰਮ ਕਰੋ । ਅਸੀਂ ਆਪੇ ਤਕੜੀਆਂ ਹੋਈਆਂ । ਏਥੇ ਕਿਹੜੇ ਪਿਉ ਦੇ ਲੋਟ ਜਮ੍ਹਾਂ ਕੀਤੇ ਹੁੰਦੇ ਆ, ਜਿਹੜੇ ਚੱਕ ਚੱਕ ਵਰਤ ਲਾਂਗੇ । ਨਿੱਤ ਦੀ ਆਈ ਚਲਾਈ ਨੀਂ ਪੂਰੀ ਉਤਰਦੀ ।

**ਪੱ** : ਇਹ ਰਵਾਜ ਤਾਂ ਬਹੁਤ ਥਈਂ ਚਲਦੈ, ਬਈ ਨਿੱਕੇ ਨਿਆਣੇ ਨੂੰ ਸਵਾ ਮਹੀਨਾ ਦੇਹਲੀਓਂ ਬਾਹਰ ਨੀ ਕੱਢੀਦਾ ।

**ਇਕ ਔਰਤ ਨੇ ਆਪਣੀ ਹੱਡ ਬੀਤੀ ਦੱਸੀ** :—ਆਹ ਕੁੜੀ ਜਦੋਂ ਐਤਕੀਂ ਹੋਈ ਮੈਂ ਤੀਜੇ ਦਿਨ ਆਪੇ ਆਵਦੀ ਚਾਹ ਬਣਾਈ ਨਾਲੇ ਰੋਟੀ ਪਕਾਈ । ਉਹਨੇ ਕੰਮ ਤੇ ਜਾਣਾ ਸੀ । ਜੇ ਦਿਹਾੜੀ ਆਉਂਦੀ ਤਾਂ ਹੀ ਖਾਂਦੇ । ਮੈਂ ਕਿਹਾ ਮੈਨੂੰ ਚਾਹ ਬਣਾ ਕੇ ਪਿਆ ਜਾ । ਬੱਸ ਕੰਨ੍ਹਾ ਈ ਨੀਂ ਲਾਇਆ । ਬੁੜ ਬੁੜ ਕਰਦਾ ਤੁਰ ਗਿਆ । ਕੱਲੀ ਚਾਹੇ ਭੁੱਖੀ ਰਹਿ ਲੈਂਦੀ ਚਾਹੇ ਕੰਮ ਲਗਦੀ । ਨਾਲੇ ਐਹਨੂੰ [ਚਾਈ ਕੁ ਸਾਲਾਂ ਦੇ ਮੁੰਡੇ ਵੱਲ ਇਸ਼ਾਰਾ ਕਰ ਕੇ] ਕੌਣ ਸਾਂਭਦਾ ਕਰਦਾ ?

**ਦੂਜੀਆਂ** : ਚੌਹ ਪੰਜਾਂ ਦਿਨਾਂ ਪਿਛੋਂ ਤਾਂ ਬਈ ਸਾਰਾ ਕੰਮ ਧੰਦਾ ਈ ਕਰ ਲਈਦੈ । ਐਨੇ ਦਿਨ ਕੌਣ ਪੌਣ ਦਿੰਦਾ ?

**ਇਕ ਹੋਰ ਨੇ ਹੱਡ ਬੀਤੀ ਦੱਸੀ** :—ਆਹ ਮੇਰੇ ਨਾਂ ਐਮੇ ਜਿਮੇਂ ਹੋਇਆ । ਤੀਜੇ ਚੌਥੇ ਦਿਨ ਕੰਮ ਲੱਗਗੀ । ਹੁਣ ਤਕ ਥੱਖੀ 'ਚ ਦਰਦ ਹੁੰਦੇ ਰਹਿੰਦੇ । ਕਈ ਬਾਰ ਕਿਹਾ ਬਈ ਗੋਲੀਆਂ ਲਿਆਦੇ । ਘੇਸਲ ਮਾਰੀ ਰੱਖਦੈ । ਚਾਰ ਛਿੱਲੜ ਜੇਬ 'ਚ ਹੋਣ, ਦਸਾਂ ਦੀ ਦਿਆੜੀ ਛੱਡੇ, ਤਾਂਈਓਂ ਗੋਲੀਆਂ ਲਿਆਵੇ ।

**ਦਰਮਿਆਨੀ ਤੋਂ ਵੱਡੀ ਉਮਰ ਦੀ ਇਸਤਰੀ ਨੇ ਦੁਖ ਫੋਲਿਆ** : ਐਨ੍ਹਾਂ ਦੁਖਾਂ ਦੇ ਤਾਂ ਸਰੀਰ ਗਾਲੇ ਪਏ ਆ ਬਾਈ । ਜੋੜਾਂ ਦੀਆਂ ਚੀਸਾਂ ਨਹੀਂ ਹਟਦੀਆਂ । ਬੱਸ ਕੀ ਦੱਸੀਏ ਕੀ ਨਾਂ ਦੱਸੀਏ ।

**ਪੱ** : ਸਰਕਾਰ ਕਹਿੰਦੀ ਆ ਅਸੀਂ ਪਿੰਡਾਂ ਵਿਚ ਥਾਂ ਥਾਂ ਹਸਪਤਾਲ ਖੋਲੇ ਆ । ਨਰਸਾਂ ਵੀ ਹਸਪਤਾਲ ਵਿਚ ਹੁੰਦੀਆਂ । ਤੁਸੀਂ ਉਹਨਾਂ ਨੂੰ ਨੀਂ ਸਦਦੀਆਂ ਜਣੇਪੇ ਵੇਲੇ ?

(ਸਵਾਲ ਕਰਦਿਆਂ ਹੀ ਉਹ ਹੱਸ ਪਈਆਂ ਤੇ ਕਈ ਜਣੀਆਂ ਬੋਲੀਆਂ) ਮਿਸਾਂ ਨਾਂ ਮਿਸਾਂ......ਮਿਸਾਂ ਭਾਲਦੇ ਬਾਈ ਐਥੇ ? ਐਥੇ ਕੌਣ ਆਉਂਦੇ । ਜਿਉਂਦੀਆਂ ਰਹਿਣ ਘਰਾਂ ਦੀਆਂ ਬੁੜ੍ਹੀਆਂ । ਸਾਡੀਆਂ ਤਾਂ ਉਹੀ ਮਿਸਾਂ ਆਂ ।

**ਪੱ** : ਸ਼ਹਿਰਾਂ 'ਚ ਜਾਂ ਵੱਡੇ ਘਰਾਂ 'ਚ ਤਾਂ ਬੱਚਾ ਹੋਣ ਤੋਂ ਕਈ ਕਈ ਦਿਨ ਪਹਿਲਾਂ ਹੀ ਹਸਪਤਾਲ ਵਿਚ ਦਾਖਲ ਕਰਵਾ ਦਿੰਦੇ ਆ । ਤੇ ਕਈ ਦਿਨ ਪਿਛੋਂ ਤਕ ਹਸਪਤਾਲ ਵਿਚ ਈ ਰਖਦੇ ਆ । ਤਾਂ ਕਿ ਕੋਈ ਤਕਲੀਫ ਨਾ ਹੋਵੇ ਜਾਂ ਔਹਰ ਨਾ ਪੈ ਜਾਵੇ ਕੀ ਐਥੋਂ ਵੀ ਕੋਈ ਕੇਸ ਹਸਪਤਾਲ 'ਚ ਗਿਆ ਕਦੇ ?

**ਇ** : ਹਾਂ ਇਕ ਕੇਸ ਗਿਆ ਸੀ । ਉਹਨੂੰ ਕਸੂਤੀ ਔਹਰ ਪੈਗੀ ਸੀ ! ਹਸਪਤਾਲ ਤਾਂ ਲੈਗੇ ਵਿਚਾਰੇ, ਪਰ ਉਹ ਕਿਹੜਾ ਘਰ ਜਿਹੜਾ ਉਹਨਾਂ ਨਹੀਂ ਮੰਗਿਆ । ਮੰਗ ਤੰਗ ਕੇ ਔਖੀ ਘੜੀ ਖਰਚਾ ਕੀਤਾ । ਜਾਨ ਤਾਂ ਵਿਚਾਰੀ ਦੀ ਬਚਗੀ ਤੇ ਨਿਆਣਾ ਵੀ ਬਚ ਗਿਆ । ਪਰ ਕੈ ਸਾਲ ਹੋਗੇ ਉਹਦੀ ਕੁੜੀ ਵੀ ਕੰਮ ਕਰਨ ਲੱਗਗੀ ਪਰ ਵਿਚਾਰੀ ਦੇ ਸਿਰ ਤੋਂ ਹਾਲੇ ਤਕ ਗੋਹੇ ਆਲਾ ਟੋਕਰਾ ਨੀਂ ਲਿਹਾ । ਹਾਲੇ ਕਈ ਘਰਾਂ ਦੇ ਪੈਸੇ ਉਹਨੇ ਮੋੜਨੇ ਆ । ਅਸੀਂ ਤਾਂ ਅਰਦਾਸ ਕਰਦੀਆਂ ਬਈ ਰੱਬ ਤਾਂ ਕਿਸੇ ਦੁਸ਼ਮਣ ਨੂੰ ਵੀ ਹਸਪਤਾਲ ਨਾਂ ਦਖਾਵੇ ।

**ਪੱ** : ਇਹਨਾਂ ਦਿਨਾਂ 'ਚ ਖੁਰਾਕ ਕਿਹੜੀ ਖਾਨੀਓਂ ? ਕੋਈ ਪੰਜੀਰੀ ਜਾਂ ਘਿਉ ਜਾਂ ਕੁਸ ਹੋਰ ?

**ਦੋ ਜੁਆਕਾਂ ਦੀ ਮਾਂ ਬੋਲੀ** : ਹਾਂ ਬਾਈ ਮੇਰੇ ਕੋਲ ਆਹ ਦੂਜਾ ਜੁਆਕ ਐ ਤੇ ਆਹ ਕੁੜੀ ਪੰਜਾਂ ਮਹੀਨਿਆਂ ਦੀ ਆ । ਮੈਥੋਂ ਪੰਜੀਰੀ ਹਾਲੇ ਤਕ ਨੀ ਮੁੱਕੀ ।

(ਨਾਲ ਦੀ ਨਾਲ ਹੀ ਸਾਰੀਆਂ 'ਚ ਹਾਸਾ ਪੈ ਗਿਆ ਤੇ ਮੈਂ ਗੰਭੀਰ ਹੋ ਕੇ ਪੁਛਿਆ ।)

**ਪ** : ਨਾਂ ਕੀ ਗੱਲ, ਤੂੰ ਕੁਸ਼ ਨੀਂ ਖਾਧਾ ?

**ਉਹਨੇ ਜੁਆਬ ਦਿੱਤਾ** : ਮੁੰਡਾ ਹੋਏ ਤੋਂ ਤਾਂ ਉਹਨੇ ਪਾਈਆ ਥੰਦਾ ਲੇ ਈ ਦਿੱਤਾ ਸੀ । ਐਤਕੀਂ ਆਹ ਕੁੜੀ ਕਰ ਕੇ ਰੁੱਖੀ ਰੋਟੀ ਮਸਾਂਟ ਕਰਦੀ ਸੀ ।

ਇਕ ਹੋਰ ਬੋਲੀ ''ਬਾਈ ਤੂੰ ਕਿਥੇ ਫਿਰਦੈਂ ਏਥੇ ਤਾਂ ਕੱਚੀ ਭੁੰਨੀ ਕਣਕ ਦਾ ਦਲੀਆ ਜੀਹਨੂੰ ਚਾਰ ਡੰਗ ਮਿਲਜੇ ਉਹਦੇ ਨਾਲ ਦੀ ਰੀਸ ਨੀਂ ।.........ਆਹ ਕੱਚੀ ਭੁੰਨੀ ਕਣਕ ਲਿਖ ਲੈ, ਭੁੱਲ ਨਾ ਜਾਈਂ । ਇਹ ਵੀ ਕਿਸੇ ਕਿਸੇ ਨੂੰ ਈ ਮਿਲਦੀ ਐ । (ਤੇ ਅਗਾਂਹ ਮੈਨੂੰ ਡਾਕਟਰਾਂ ਵਲੋਂ ਇਹਨੀਂ ਦਿਨੀਂ ਵਰਤੋਂ ਲਈ ਦੱਸੇ ਜਾਂਦੇ ਵਿਟਾਮਨਾਂ ਤੇ ਫਲਾਂ ਦੀ ਵਰਤੋਂ ਬਾਰੇ ਪੁੱਛਣ ਦੀ ਹਿੰਮਤ ਨਹੀਂ ਪਈ ।)

● **ਪੱ** : ਅੱਛਾ, ਸਰਕਾਰ ਕਹਿੰਦੀ ਆ ਬਈ ਲੋਕਾਂ ਦੀ ਸਹੂਲਤ ਲਈ ਅਸੀਂ ਪਿੰਡ ਪਿੰਡ ਸੜਕਾਂ ਕੱਢਤੀਆਂ । ਥੋਨੂੰ ਕੁਸ਼ ਇਹਨਾਂ ਦਾ ਫੈਦਾ ਹੋਇਆ ?

**ਇ** : ਫੈਦਾ ?...(ਕੁਝ ਸੋਚੀਂ ਪੈ ਗਈਆਂ)

**ਇਕ ਜਾਣੀ** : ਮੈਂ ਦਸਦੀਆਂ, ਫੈਦਾ ਹੈ ਵੀ ਤੇ ਨਈਂ

ਵੀ। ਫੈਦਾ ਐਂ ਆ ਬਈ ਮੇਰੇ ਵਰਗੀ ਨੇ ਵਰ੍ਹੇ ਛਮਾਹੀਂ ਬਾਹਰ ਅੰਦਰ ਜਾਣਾ ਹੋਵੇ, ਜੇ ਖੀਸੇ ਚ ਚਾਰ ਆਨੇ ਹੋਣਗੇ, ਬੱਸ-ਗੱਡੀ ਚੜ੍ਹ ਜੂ, ਛੇਤੀ ਮੁੜਿਆਊ। ਨਹੀਂ ਤਾਂ ਉਹੀ ਡੂੰਘੇ ਰਾਹਾਂ ਆਲੇ ਠਿੱਤੇ ਘੜੀਸਣੇ ਈ ਘੜੀਸਣੇ। ਜਾਣੇ ਇਹੀ ਫੈਦਾ ਜੀਹਦੀ ਜੇਬ੍ਹ 'ਚ ਚਾਰ ਆਨੇ ਹੋਣ। ਜੇ ਕੋਈ ਫੈਦੇ ਤਾਂ ਤੂ ਦੱਸਦੇ।

**ਪੱ:** ਸਰਕਾਰ ਕਹਿੰਦੀ ਆ ਬਈ ਦੇਖੋ ਅਸੀਂ ਕਿੰਨੀ ਤਰੱਕੀ ਕੀਤੀ ਆ। ਪਿੰਡ ਪਿੰਡ, ਘਰ-ਘਰ ਬਿਜਲੀ ਪੁਚਾਤੀ। ਥੋਨੂੰ ਇਹਦਾ ਕੋਈ ਫੈਦਾ ਹੋਇਆ ?

**ਇਕ ਜਾਣੀ:** ਜੇ ਭਾਈ ਸਾਰੇ ਕਹਿੰਦੇ ਤਾਂ ਫੈਦਾ ਹੋਇਆ ਈ ਹੋਊ। ਜਾਣੇ ਹੋਰ ਪਬਲਖ ਨੂੰ ਤਾਂ ਫੈਦਾ ਹੋਇਆ ਹੀ ਹੋਊ।

**ਦੂਜੀ ਜਾਣੀ ਬੋਲੀ:** ਮੈਂ ਦਸਦੀ ਆਂ ਬਾਈ ਸਾਨੂੰ ਕੀ ਫੈਦਾ ਹੋਇਆ। ਜਦੋਂ ਬਿਜਲੀ ਨੀਂ ਸੀ, ਉਦੋਂ ਅੜੇ ਥੁੜੇ ਰਾਤ ਨੂੰ ਕੱਖ-ਡੱਕਾ ਲੈ ਆਈਦਾ ਸੀ। ਹੁਣ ਆਹ ਲਾਟੂ ਸਾਰੀ ਰਾਤ ਕਿਸੇ ਵੇਲੇ ਨੀਂ ਬੁਝਦੇ। ਦੂਜੀਆਂ ਔਰਤਾਂ ਚੋਂ ਕਈ ਤਾਂ ਮੁਸਕਣੀਏਂ ਹੱਸਣ ਲੱਗ ਪਈਆਂ ਪਰ ਦੋ ਕੁ ਨੇ ਤੋਖਲੇ ਨਾਲ ਉਹਨੂੰ ਰੋਕਣ ਲਈ ਕਿਹਾ) ਲੈ ਨੀ...ਇਹ ਕੀ...ਲੈ ਦੱਸ ਤੂੰ ਕਿਧਰ ਨੂੰ ਚੱਲ ਪੀ ? (ਪਰ ਗੱਲ ਜਾਰੀ ਰਹੀ) ਨਹੀਂ ਨੀਂ ਜਦੋਂ ਹੁਣ ਢਿੱਡ ਦੀਆਂ ਈ ਦੱਸਣ ਬਹਿਗੀਆਂ, ਆਉਣ ਦੇਹ ਇਹ ਵੀ। ਇਹ ਕਾਹਨੂੰ ਰੱਖਣੀਆਂ। ਬਾਈ ਗਰੀਬਾਂ ਨੂੰ ਤਾਂ ਨ੍ਹੇਰੇ ਦਾ ਈ ਫੈਦਾ। ਨ੍ਹੇਰੇ ਦੇ ਕੰਮ ਨ੍ਹੇਰੇ 'ਚ ਈ ਹੁੰਦੇ ਆ।

**ਪ:** ਬਿਜਲੀ ਆਉਣ ਨਾਲ ਖੇਤਾਂ 'ਚ ਟੂਬਵੈਲ ਲੱਗੇ ਹੋਣਗੇ ਫਸਲਾਂ ਜ਼ਾਦੇ ਹੋਣ ਲੱਗੀਆਂ ਹੋਣਗੀਆਂ ?

ਝੱਟ ਇਕ ਜਣੀ ਨੇ ਜੁਆਬ ਦਿੱਤਾ: ਅਸੀਂ ਤਾਂ ਵੱਟਾਂ ਈ ਖੋਤਣੀਆਂ।

(ਉਹਨਾਂ ਨੇ ਪਹਿਲਾਂ ਚੱਲੀ ਗੱਲ ਬਾਰੇ ਹੁਣ ਦੀ ਹਾਲਤ ਇਉਂ ਦੱਸੀ।) ਊਂ ਬਾਈ ਸੱਚੀ ਗੱਲ ਇਹ ਐ ਬਈ ਜਦੋਂ ਦੇ ਆਹ ਆਪਣੇ ਮੁੰਡਿਆਂ ਦਾ ਗਰੁੱਪ ਬਣਿਆ। ਇਹ ਪਿੰਡ ਚ ਬਾਂਹ ਖੜੀ ਕਰਕੇ ਗੱਲ ਕਰਨ ਲੱਗੇ ਆ। ਕਿਸੇ ਨਾਂ ਕਿਸੇ ਨਾ ਮੱਥਾ ਲੱਗਿਆ ਰਹਿੰਦੇ। ਉਦੋਂ ਤੋਂ ਅਸੀਂ ਸਾਰੀਆਂ ਨੇ ਏਸ ਕੰਮ ਦੀ ਸੌਂਹ ਪਾਤੀ। ਬਾਈ ਪਿੰਡ ਦੇ ਕੱਠ 'ਚ ਗੱਲ ਕਰਨ ਗਿਆਂ ਨੂੰ ਅਗਲੇ ਮਿਹਣਾ ਮਾਰ ਦਿੰਦੇ ਆ। ਏਸ ਕੰਮ ਆਲੇ ਬਗਾਨਿਆਂ ਮੂਹਰੇ ਬੋਲਣ ਜੋਗਰੇ ਨੀਂ ਰਹਿੰਦੇ। ਜਾਣੋਂ ਏਸ ਕੰਮ ਦਾ ਹੁਣ ਤਾਂ ਪੱਕਾ ਨੇਮ ਆ।

● **ਪ:** ਹੁਣ ਤੁਸੀਂ ਦੱਸੋ, ਬਈ ਤੁਸੀਂ ਦਿਲ ਪਰਚਾਵਾ ਕਿਵੇਂ ਕਰਦੀਓ ? (ਕੁੜੀਆਂ ਨੇ ਤਾਂ ਨੀਵੀਂ ਪਾ ਲਈ ਤੇ ਵਹੁਟੀਆਂ ਮੂੰਹ ਮੂਹਰੇ ਚੁੰਨੀਆਂ ਲੈ ਕੇ ਮੁਸਕਣੀਏ ਹੱਸਣ ਲੱਗ ਪਈਆਂ, ਵੱਡੀ ਉਮਰ ਦੀਆਂ ਬੁੜ੍ਹੀਆਂ ਮੇਰੇ ਮੂੰਹ ਵੱਲ ਵੇਖਣ ਲੱਗ ਪਈਆਂ। ਮੈਂ ਝੱਟ ਸਮਝ ਗਿਆ ਬਈ ਸੁਆਲ ਹਿਸਾਬ ਸਿਰ ਨਹੀਂ ਕੀਤਾ ਗਿਆ। ਝੱਟ ਮੋੜਾ ਦੇਕੇ ਮੈਂ ਸਵਾਲ ਸਾਫ ਕੀਤਾ।) ਮੇਰਾ ਮਤਲਬ ਐ ਬਈ ਜਿਵੇਂ ਮੇਲੇ ਜਾਣਾ, ਤੀਆਂ ਦੇਖਣਾ, ਮੱਸਿਆ ਪੁੰਨਿਆਂ ਦੇਖਣ ਜਾਣਾ।

**ਇ:** (ਗੁਆਂਢ ਵਿਚ ਖੜਕਦੀ ਢੋਲਕੀ ਤੇ ਪੈਂਦੇ ਗਿੱਧੇ ਵੱਲ ਹੱਥ ਕਰਕੇ) ਆਹੀ ਬਾਈ ਆਹੀ......। ਲੈ ਨੀਂ ਉਹ ਤਾਂ ਲੱਗੀਆਂ ਪਈਆਂ। ਬਾਈ ਤੂੰ ਸਾਨੂੰ ਐਥੇ ਬਹਾਈ ਬੈਠੋਂ। (ਉਹਨਾਂ ਦੱਸਿਆ ਤੀਆਂ ਤਾਂ ਨਿਕੇ ਹੁੰਦਿਆਂ ਤੋਂ ਬਾਦ ਕਿਸੇ ਨੀਂ ਦੇਖੀਆਂ ਤੇ ਮੇਲੇ ਮੱਸਿਆ ਇਕ ਦੋ ਵਿਚੋਂ ਜਾ ਆਈਆਂ ਸੀ।)

**ਪ:** ਭਲਾ ਕੋਈ ਬੁੜ੍ਹਾ ਬੁੜ੍ਹੀ ਮਰੇ ਤੋਂ ਕੋਈ ਕੜਮੱਤ ਆਜੇ ਤਾਂ...।

**ਇ:** (ਉਹ ਹੱਸ ਪਈਆਂ) ਬਸ ਬਿੰਦ ਕੁ ਦੋ ਕੁ ਲੇਖੇ ਜੇ ਸਿੱਟਕੇ ਪਿਛੋਂ ਤਾਂ ਮੇਲਾ ਈ ਹੁੰਦੈ।

**ਪ:** ਅੱਛਾ ਤੁਸੀਂ ਇਹ ਦੱਸੋ ਸਿਨਮੇ ਬਾਰੇ ਕਿਸੇ ਨੇ ਸੁਣਿਆ ਜਾਂ ਵੇਖਿਆ ?

**ਇ:** ਨਾਂ ਅਸੀਂ ਕਦੇ ਨੀਂ ਦੇਖਿਆ ਸੁਣਿਆ ? (ਮੈਂ ਦੁਬਾਰਾ ਪੁੱਛਿਆ) ਸੱਚੀ ਗੱਲ ਐ ? ਇਹ ਕਿਮੇਂ ਹੋ ਸਕਦੈ ਬਈ ਤੁਸੀਂ ਸਿਨਮੇ ਬਾਰੇ ਸੁਣਿਆ ਵੀ ਨਾਂ ਹੋਵੇ ! (ਉਹਨਾਂ ਫੇਰ ਜੁਆਬ ਦਿੱਤਾ) ਨਹੀਂ ਬਾਈ ਕਦੀ ਨੀਂ ਸੁਣਿਆ।

**ਇਕ ਜਾਣੀ:** ਮੈਂ ਦੇਖਿਆ। (ਦੂਜੀਆਂ) ਦੱਸ ਖਾਂ ਨੀ ਫੇਰ ਬੋਲਦੀ ਕਿਉਂ ਨੀਂ ? (ਉਹ ਦੱਸਣ ਲੱਗੀ) ਨੀਂ ਮੈਂ ਨੀਂ ਦੇਖਿਆ। ਉਹ ਦਸਦਾ ਹੁੰਦੈ ਬਈ ਬੈਠਿਆਂ ਦੇ ਸਾਹਮਣੇ ਲੜਾਈ ਹੋਈ ਜਾਂਦੀ ਐ। ਊਂ ਹੁੰਦੀਆਂ ਮੂਰਤਾਂ ਈ ਆ। ਲੜਦੇ ਲੁੜਦੇ ਨੀਂ ਹੁੰਦੇ। (ਉਹਨਾਂ ਚੋਂ ਇਕ ਜਾਣੀ ਨੇ ਜਿਹਦੇ ਘਰ ਵਾਲਾ ਸ਼ਹਿਰ ਨੌਕਰੀ ਕਰਦਾ ਰਿਹਾ ਸੀ, ਉਥੇ ਰਹਿਣ ਕਰਕੇ ਚਾਰ ਕੁ ਵਾਰ ਸਿਨਮਾ ਦੇਖਿਆ ਸੀ।

**ਪ:** ਤੁਸੀਂ ਕਦੇ ਟੈਲੀਵੀਜਨ ਦਾ ਨਾਂ ਸੁਣਿਆ ?

**ਇਸਤਰੀਆਂ:** ਉਹ ਕੀ ਹੁੰਦੈ ਬਾਈ ?

**ਪ:** ਤੁਸੀਂ ਦੱਸੋ ਮੈਂ ਤਾਂ ਦੱਸੂੰਗਾ ਈ।

**ਇਕ ਜਾਣੀ ਬੋਲੀ:** ਮੈਨੂੰ ਪਤੈ। ਉਹੀ ਹੁੰਦੈ ਜੀਹਦੇ 'ਚ ਉਧਰੋ ਉਧਰੀ ਗੱਲਾਂ ਕਰਦੇ ਹੁੰਦੇ ਐ।

(ਮੈਂ ਦੱਸਿਆ ਕਿ ਇਹ ਤਾਂ ਟੈਲੀਫੂਨ ਹੁੰਦੈ। ਨਾਲੇ ਟੈਲੀਵੀਜਨ ਬਾਰੇ ਦੱਸਿਆ।

**ਪ:** ਅੱਛਾ ਤੁਸੀਂ ਸਰਕਸ ਤਾਂ ਜ਼ਰੂਰ ਦੇਖੀ ਹੋਊ। ਇਹ ਤਾਂ ਪਿੰਡਾਂ 'ਚ ਵੀ ਆਉਂਦੀਆਂ ਰਹਿੰਦੀਆਂ। ਮੇਲਿਆਂ ਤੇ ਆਮ ਈ ਆ ਜਾਂਦੀਆਂ।

**ਇ:** ਨਹੀਂ ਅਸੀਂ ਤਾਂ ਕਦੇ ਦੇਖੀ ਨਹੀਂ।...(ਇਕ ਜਾਣੀ ਹੋਰ ਬੋਲੀ) ਮੈਂ ਦੇਖੀ ਆ। ਉਹਦੇ ਤੇ ਚੜ੍ਹਕੇ ਝੂਟੇ ਈ ਲਈ ਜਾਂਦੇ ਆ। ਤਾਂਹ ਤੱਕ ਬਹਿ ਜਾਂਦੇ ਆ ਉਹ ਘੁਕੀ ਜਾਂਦੀ ਆ (ਮੈਂ ਦੱਸਿਆ ਇਹਨੂੰ ਤਾਂ ਪੰਘੂੜਾ ਕਹਿ ਦਿੰਦੇ ਆ)।

**ਇਕ ਹੋਰ ਬੋਲੀ:** ਮੈਂ ਦੇਖੀ ਆ ਬਾਈ ਇਕ ਵਾਰ (ਮੈਂ ਕਿਹਾ ਚੰਗਾ ਦੱਸ, ਉਦ੍ਹੇ 'ਚ ਕੀ ਹੁੰਦੈ ਤਾਂ ਉਹ ਸੋਚਣ ਲਗ ਪਈ) ਨਹੀਂ ਸੱਚ ਬਾਈ ਉਹ ਤਾਂ ਰਾਮ ਲੀਲ੍ਹਾ ਸੀ, ਮੈਂ ਤਾਂ ਰਾਮ ਲੀਲ੍ਹਾ ਦੇਖੀ ਆ ਇਕ ਵਾਰ। (ਸਾਰੀਆਂ 'ਚ ਹਾਸੜ ਪੈ ਗਈ ਤੇ ਕਿਸੇ ਨੇ ਕਿਹਾ) ਜਾਹ ਨੀਂ ਪਰ੍ਹਾਂ...ਘੋਗਲੇ।

**ਪੱ:** ਅੱਛਾ ਤੁਸੀ ਇਕ ਗੱਲ ਹੋਰ ਦੱਸੋ। ਜਦੋਂ ਤੁਸੀਂ ਸ਼ਹਿਰ ਜਾਨੇਓਂ—ਸੌਦਾ ਪੱਤਾ ਲੈਣ ਜਾਂ ਕਿਸੇ ਹੋਰ ਕੰਮ। ਜਦੋਂ ਥੋਡੇ ਕੋਲ ਦੀ ਕੋਈ ਬਣੀ ਤਣੀ ਕੁੜੀ ਲੰਘਦੀ ਐ ਜੀਹਦੇ ਰੰਗ ਬਰੰਗੀ ਸਾੜ੍ਹੀ ਪਾਈ ਹੋਵੇ, ਸਿਰ ਤੇ ਜਲੇਬੀ ਜੂੜਾ ਹੋਵੇ, ਸੁਰਖੀ ਬਿੰਦੀ ਲਾਈ ਹੋਵੇ ਤੇ ਹੱਥ 'ਚ ਪਰਸ ਹੋਵੇ, ਉਦੋਂ ਥੋਡੇ ਮਨ 'ਚ ਕੀ ਆਉਂਦੈ ?

**ਇਕ ਜਾਣੀ;** ਐਂ ਈ ਆਉਂਦਾ ਬਈ ਸਾਡੇ ਕੋਲ ਵੀ ਐਹੋ ਜੀ ਸਾੜੀ ਹੋਵੇ। (ਦੂਜੀਆਂ) ਚਿਤ 'ਚ ਤਾਂ ਆਉਂਦੈ ਪਰ ਆਉਣ ਕਿਥੋਂ ? ਆਪਾਂ ਤਾਂ ਇਹੋ ਜੀਆਂ ਵੱਲ ਝਾਕੀਦਾ ਈ ਨਹੀਂ। ਆਵਦੇ ਅਰਗੀਆਂ ਅੱਲ ਈ ਦੇਖੀਦਾ। (ਇਕ ਹੋਰ ਨੇ ਕਿਹਾ) ਚਿੱਤ ਤਾਂ ਬਥੇਰਾ ਕਰਦੈ ਬਈ ਸਾੜ੍ਹੀ ਹੋਵੇ, ਚਿੱਟਾ ਸੂਟ ਹੋਵੇ ਪਾਇਆ। ਵਿਹਲੇ ਬੈਠੇ ਹੋਈਏ। ਪਰ ਇਹ

ਤਾਂ ਕਹਿਣ ਦੀਆਂ ਗੱਲਾਂ । ਜਦੋਂ ਆਵਦੇ 'ਚ ਗਜੈਸ਼ ਈ ਹੈਨਾਂ, ਐਹੋ ਜੀਆਂ ਗੱਲਾਂ ਕਰਨ ਦਾ ਫੇਦਾ ਕੀ। (ਮੈਂ ਦੂਜੀਆਂ ਨੂੰ ਕਿਹਾ ਤੁਸੀਂ ਵੀ ਦੱਸੋ । ਇਕ ਨੇ ਕਿਹਾ) ਜਦੋਂ ਲੰਗਾਰ ਪਾ ਕੇ ਸੱਥ 'ਚ ਦੀ ਨੰਘੀਦੈ ਤੇ ਮੀਰ ਨਘੌਚਾਂ ਕਢਦੇ ਐ ਬੋਲ ਮਾਰਦੇ ਆ । ਉਦੋਂ ਬਥੇਰਾ ਆਉਂਦੈ ਬਈ ਆਵਦੇ ਕੋਲ ਵੀ ਨਮੇਂ ਹੋਣ । ਪਰ ਇਹ ਗੱਲ ਵੱਸੋਂ ਬਾਹਰ ਐ । ਮੈਂ ਦੱਸਾਂ ਬਾਈ (14-15 ਸਾਲ ਦੀ ਕੁੜੀ ਕਹਿ ਕੇ ਦੂਜੀ ਦੇ ਉਹਲੇ ਹੋ ਗਈ) ਚੁਪ ਕਰ ਨੀਂ ਐਵੇਂ ਕੁਸ਼ ਮੂਹੋਂ ਕੱਢੇਂਗੀ । (ਬੁਢੀ ਬੇਬੇ ਨੇ ਉਹਨੂੰ ਟੋਕਿਆ । ਨਹੀਂ ਨਹੀਂ ਦੱਸਣ ਦਿਓ, ਮੈਂ ਹੱਲਾ ਸ਼ੇਰੀ ਦੇ ਦਿੱਤੀ । ) ਜੇ ਕੋਈ ਮੇਰੇ ਨਾਲ ਹੋਵੇ ਨ (ਗੱਲ ਕਰਦੀ ਦਾ ਉਹਦਾ ਹਾਸਾ ਨਾਂ ਰੁਕੇ) ਜੇ ਕੋਈ ਮੇਰੇ ਨਾਲ ਹੋਵੇ ਨਾਂ, ਉਹਦੇ ਟੋਟਣ 'ਚ ਮਾਰ ਕੇ ਭੱਜ ਜਾਂ ।

**ਪੱ :** ਥੋਨੂੰ ਪਤੈ ਬਈ ਕੁੜੀਆਂ ਦਾ ਇਕ ਹੋਰ ਮੁਕਾਬਲਾ ਹੁੰਦੈ ਬਈ ਉਹਨਾਂ ਚੋਂ ਸਭ ਤੋਂ ਕਿਹੜੀ ਸੁਹਣੀ ਐ । ਜਿਹੜੀ ਨੰਬਰ ਲੈਜੇ ਸਾਰੀਆਂ ਚੋਂ, ਉਹਨੂੰ ਵੱਡੇ ਕੱਠ ਕਰਕੇ ਇਨਾਮ ਦਿੰਦੇ ਆ ਤੇ "ਸਭ ਤੋਂ ਸੋਹਣੀ" ਹੋਣ ਦਾ ਖਤਾਬ ਦਿੰਦੇ ਆ । ਥੋਨੂੰ ਇਹਦੇ ਬਾਰੇ ਕਿਵੇਂ ਲਗਦੈ ?

**ਇ :** ਸਾਨੂੰ ਨੀਂ ਇਹ ਕੰਮ ਚੰਗਾ ਲਗਦਾ (ਕਿਉਂ ਥੋਨੂੰ ਉਹ ਸੋਹਣੀਆਂ ਨੀਂ ਲਗਦੀਆਂ ਮੈਂ ਉਲਟਾ ਕੇ ਪੁਛਿਆ ?) ਨਹੀਂ ਬਾਈ ਧੀ ਪੁਤ ਕੰਮ ਕਰਦਾ ਈ ਸੁਹਣਾ ਲਗਦਾ (ਉਹਨਾਂ ਜੁਆਬ ਦਿੱਤਾ)

**ਪੱ :** ਅੱਛਾ ਐਂ ਦੱਸੋ, ਜੇ ਇਹ ਸੁਹੱਪਣ ਦੇ ਮੁਕਾਬਲੇ ਲੜਨ ਵਾਲੀਆਂ ਨੂੰ ਥੋਡੇ ਕੋਲ ਲਿਆਂਦਾ ਜਾਵੇ, ਥੋਡੇ ਨਾਲ ਮੁਕਾਬਲਾ ਕਾਹਦੇ 'ਚ ਹੋਵੇ ਤੇ ਕਿਵੇਂ ਹੋਵੇ, ਇਹ ਥੋੜੀ ਮਰਜੀ ਤੇ ਹੋਵੇ । ਤਾਂ ਤੁਸੀਂ ਉਹਨਾਂ ਨੂੰ ਕਾਹਦੇ 'ਚ ਮੁਕਾਬਲਾ ਕਰਨ ਲਈ ਕਹੋਂਗੀਆਂ ?

**ਇਸਤਰੀਆਂ ਵੱਲੋਂ ਰਲਵੀਂ ਆਵਾਜ ਆਈ :** ਕੰਮ 'ਚ ...ਬਾਈ...ਕੰਮ 'ਚ...। ਨਾਲੇ ਜਿਹੜੇ ਮਰਦਾਂ ਦੇ ਕੰਮ 'ਚ...। (ਉਹਨਾਂ ਨੂੰ ਬੋਲਣ ਦੀ ਵਾਰੀ ਨੀਂ ਸੀ ਆਉਂਦੀ) । ਭੱਜ ਕੇ ਵੇਖ ਲੈਣ...ਬਾਈ...ਭਾਰ ਚੱਕ ਕੇ ਵੇਖ ਲੈਣ...ਲੜਕੇ ਵੇਖ ਲੈਣ...(ਤੇ ਇਕ ਜਾਣੀ ਉੱਛਲ ਕੇ ਬੋਲੀ) ਡਲੋ ਡਲੀ ਬਾਈ...ਡਲੋ ਡਲੀ ਹੋ ਕੇ ਵੇਖ ਲੈਣ । (ਤੇ ਨਾਲ ਦੀ ਨਾਲ ਸਾਰੀਆਂ ਵਿਚ ਜੋੜੂ ਧਮੱਚੜ ਪੈ ਗਿਆ ।)

(ਧੰਨਵਾਦ ਸਹਿਤ 'ਨਗਾਰਾ' ਵਿਚੋਂ)

ਪੰਜਾਬੀ ਲਿਟਰੇਰੀ ਐਸੋਸੀਏਸ਼ਨ

PUNJABI LITERARY ASSOCIATION • P.O. BOX 67744 • VANCOUVER, B.C., CANADA V5W 3V2

ਮਾਰਚ '79 ਵਿੱਚ ਐਸੋਸੀਏਸ਼ਨ ਦੀਆਂ ਤਿੰਨ ਵਿਚਾਰਚਰਚਾਵਾਂ ਨੇਬਰਹੁੱਡ ਕਮਿਊਨਿਟੀ ਸੈਂਟਰ (49th & VICTORIA DRIVE) ਵਿੱਚ ਹੋਈਆਂ।

10 ਮਾਰਚ ਵਾਲੀ ਵਿਚਾਰ ਚਰਚਾ ਵਿੱਚ ਇੰਗਲੈਂਡ ਤੋਂ ਆਈ ਲੇਖਿਕਾ ਗੁਰਬਖਸ਼ ਦੁਸਾਂਝ ਨੇ ਵੀ ਹਿੱਸਾ ਲਿਆ ਤੇ ਆਪਣੀਆਂ ਰਚਨਾਵਾਂ, ਦੋ ਕਵਿਤਾਵਾਂ ਤੇ ਇੱਕ ਕਹਾਣੀ, ਪੜ੍ਹ ਕੇ ਸੁਣਾਈਆਂ। ਸਮੇਂ ਦੀ ਘਾਟ ਕਾਰਨ ਫ਼ੈਸਲਾ ਕੀਤਾ ਗਿਆ ਕਿ ਦੁਸਾਂਝ ਹੋਰਾਂ ਦੀਆਂ ਕਹਾਣੀਆਂ ਸੁਣਨ ਲਈ ਅਗਲੇ ਐਤਵਾਰ ਇਕ ਵਿਸ਼ੇਸ਼ ਵਿਚਾਰ ਚਰਚਾ ਕੀਤੀ ਜਾਵੇ। ਇਸ ਉਪਰੰਤ ਮੈਂਬਰਾਂ ਵਲੋਂ ਹੋਰ ਕਵਿਤਾਵਾਂ ਵੀ ਪੜ੍ਹੀਆਂ ਗਈਆਂ। ਇਸ ਵਿਸ਼ੇ 'ਤੇ ਭਰਪੂਰ ਬਹਿਸ ਹੋਈ ਕਿ ਲੇਖਕ ਨੂੰ ਰਚਨਾ ਕਰਦੇ ਸਮੇਂ, ਸੰਚਾਰ ਜਾਂ ਸਟਾਈਲ ਵਿਕਸਤ ਕਰਦੇ ਸਮੇਂ, ਪਾਠਕ ਦਾ ਧਿਆਨ ਰੱਖਣਾ ਚਾਹੀਦਾ ਹੈ ਜਾਂ ਕੇਵਲ ਆਪਣੀ ਰਚਨਾ ਦੇ ਸੁਭਾਅ ਦਾ, ਤੇ ਜਾਂ ਦੋਹਾਂ ਦਾ।

17 ਮਾਰਚ ਵਾਲੀ ਵਿਚਾਰ ਚਰਚਾ ਵਿੱਚ ਗੁਰਬਖਸ਼ ਦੁਸਾਂਝ (ਇੰਗਲੈਂਡ) ਨੇ ਆਪਣੀਆਂ ਤਿੰਨ ਕਹਾਣੀਆਂ ਪੜ੍ਹੀਆਂ, ਕਹਾਣੀਆਂ ਦੀ ਭਰਵੀਂ ਪ੍ਰਸ਼ੰਸਾ ਹੋਈ, ਵਿਸ਼ੇਸ਼ ਕਰਕੇ ਵਿਸ਼ੇ ਬਹੁਤ ਪਸੰਦ ਕੀਤੇ ਗਏ। ਲੇਖਿਕਾ ਦੇ ਕਾਫ਼ਟ ਉੱਤੇ ਕੁਝ ਆਲੋਚਨਾ ਹੋਈ। ਕੁਝ ਲੇਖਕਾਂ ਦੀ ਰਾਇ 'ਚ ਕਹਾਣੀਕਾਰ ਅਕਸਰ ਜ਼ੋਰਦਾਰ ਸੀਨ ਉਸਾਰਨ ਲਈ ਕਈ ਥਾਂ ਤੇ ਬੇਲੋੜੇ ਵਿਸਥਾਰ ਵਿੱਚ ਚਲੀ ਜਾਂਦੀ ਹੈ। ਇਸ ਤਰ੍ਹਾਂ ਕਹਾਣੀ 'ਕਸਵੀਂ' ਨਹੀਂ ਰਹਿੰਦੀ। ਇਹ ਸੁਝਾ ਵੀ ਦਿੱਤਾ ਗਿਆ ਕਿ ਕਹਾਣੀਆਂ ਵਿਚਲੇ ਕੁਝ ਇਸਤਰੀ ਪਾਤਰ ਜੇ ਪਰੰਪਰਾਵਾਦੀ ਦੀ ਬਜਾਇ, ਨਵੀਂ ਅਤੇ ਸੁਤੰਤਰ ਸੋਚਣੀ ਵਾਲੇ ਦਿਖਾਏ ਜਾਣ ਤਾਂ ਹੋਰ ਵੀ ਚੰਗਾ ਹੋਵੇ। ਹੋਰ ਵੀ ਕਈ ਸੁਝਾਅ ਪੇਸ਼ ਕੀਤੇ ਗਏ। ਸਮੁੱਚੇ ਤੌਰ 'ਤੇ ਕਹਾਣੀਆਂ ਦੀ ਸ਼ੈਲੀ ਦੀ ਭਰਪੂਰ ਪ੍ਰਸ਼ੰਸਾ ਕੀਤੀ ਗਈ। ਮੀਟਿੰਗ ਵਿੱਚ ਇਹ ਮਤਾ ਵੀ ਪਾਸ ਕੀਤਾ ਗਿਆ ਕਿ ਇੰਗਲੈਂਡ ਵਿੱਚ ਰਹਿੰਦੇ ਪੰਜਾਬੀ ਲੇਖਕਾਂ ਨਾਲ ਹੋਰ ਗੂੜ੍ਹਾ ਸੰਪਰਕ ਪੈਦਾ ਕੀਤਾ ਜਾਵੇ - ਜੇ ਕੋਈ ਲੇਖਕ ਕੈਨੇਡਾ ਆਵੇ ਤਾਂ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਦੀਆਂ ਮੀਟਿੰਗਾਂ ਵਿੱਚ ਜ਼ਰੂਰ ਸ਼ਾਮਲ ਹੋਵੇ। ਸ੍ਰੀਮਤੀ ਦੁਸਾਂਝ ਹੁਰਾਂ ਨੂੰ ਇਹ ਸੁਨੇਹਾ ਇੰਗਲੈਂਡ ਦੇ ਲੇਖਕਾਂ ਤੱਕ ਪਹੁੰਚਾਣ ਲਈ ਬੇਨਤੀ ਕੀਤੀ ਗਈ।

24 ਮਾਰਚ ਦੀ ਵਿਚਾਰ ਚਰਚਾ ਵਿੱਚ ਮੈਂਬਰਾਂ ਨੇ ਕਹਾਣੀਆਂ ਤੇ ਕਵਿਤਾਵਾਂ ਪੜ੍ਹੀਆਂ। ਰਚਨਾਵਾਂ ਤੇ ਆਲੋਚਨਾ ਤੋਂ ਇਲਾਵਾ ਚਰਚਾ ਇਸ ਵਿਸ਼ੇ ਤੇ ਕੇਂਦਰਤ ਹੋਈ ਕਿ ਯਥਾਰਥਵਾਦੀ ਰਚਨਾਵਾਂ ਵਿੱਚ ਲੇਖਕ ਨੂੰ ਇਕ ਫ਼ੋਟੋਗ੍ਰਾਫ਼ਰ ਵਾਂਗ ਹੋਣਾ ਚਾਹੀਦਾ ਹੈ ਜਾਂ ਚਿੱਤਰਕਾਰ ਵਾਂਗ। ਫ਼ੋਟੋਗ੍ਰਾਫ਼ੀ ਵਿੱਚ ਵੀ ਕਲਾ ਹੈ; ਫ਼ੋਟੋਗ੍ਰਾਫ਼ਰ ਯਥਾਰਥ ਦੀਆਂ ਅੱਡ ਅੱਡ ਕੋਣਾਂ ਤੋਂ ਤਸਵੀਰਾਂ ਖਿੱਚ ਕੇ ਪੇਸ਼ ਕਰ ਸਕਦਾ ਹੈ। ਚਿੱਤਰਕਾਰ ਯਥਾਰਥ ਨੂੰ ਨਵੀਆਂ ਛੋਹਾਂ ਦੇ ਕੇ ਆਪਣੀ ਇੱਛਾ ਅਨੁਸਾਰ ਨਵੇਂ ਪ੍ਰਭਾਵ ਪੈਦਾ ਕਰ ਸਕਦਾ ਹੈ; ਭਾਵ ਨੂੰ ਉਭਾਰ ਸਕਦਾ ਹੈ, ਵਿਚਾਰ ਨੂੰ ਉਘਾੜ ਸਕਦਾ ਹੈ।

[signature] (ਪ੍ਰਧਾਨ)

# ਮਾਰਕਸਵਾਦ ਅਤੇ ਰੂਹਾਨੀਅਤ

—ਅਜਮੇਰ ਸਿੰਘ ਔਲਖ

ਪਿਛਲੇ ਪੰਦਰਾਂ ਕੁ ਸਾਲਾਂ ਤੋਂ ਮੇਰਾ ਲਗਾਉ ਮਾਰਕਸਵਾਦੀ ਦਰਸ਼ਨ ਨਾਲ ਰਿਹਾ ਹੈ ਮੈਨੂੰ ਇੰਞ ਜਾਪਿਆ ਹੈ ਜਿਵੇਂ ਸਾਡੇ ਪੰਜਾਬੀ ਮਾਰਕਸਵਾਦੀਆਂ ਨੇ ਮਾਰਕਸਵਾਦ ਨੂੰ ਬੜੇ ਸੁੰਗੜਵੇਂ ਤੇ ਸੀਮਤ ਰੂਪ ਵਿਚ ਪੇਸ਼ ਕੀਤਾ ਹੈ। ਇਸ ਦਾ ਪ੍ਰਗਟਾਉ ਭਾਵੇਂ ਨਿਰੋਲ ਵਿਚਾਰ ਧਾਰਕ ਸ਼ਕਲ ਵਿਚ ਹੋਇਆ ਤੇ ਭਾਵੇਂ ਸਾਹਿੱਤਕ-ਸਿਰਜਣਾ ਦੇ ਅਮਲ ਵਿਚ, ਮੋਟੇ ਤੌਰ 'ਤੇ ਇਸ ਨੂੰ ਬੁਰਜੂਆ ਦਾਇਰਿਆਂ ਵਿਚ ਰਹਿ ਕੇ ਹੀ ਪ੍ਰਗਟਾਇਆ ਗਿਆ। ਮਾਰਕਸਵਾਦ ਜ਼ਿੰਦਗੀ, ਸਮੁੱਚੇ ਜੀਵਨ ਲਈ ਇਕ ਮਹਾਂ-ਨਜ਼ਰੀਆ ਬਣ ਕੇ ਸਾਹਮਣੇ ਨਾ ਆ ਸਕਿਆ। ਜੇ ਗੱਲ ਸਾਹਿਤ ਤੇ ਸਭਿਆਚਾਰ ਤੱਕ ਹੀ ਸੀਮਿਤ ਕਰ ਕੇ ਦੇਖੀਏ ਤਾਂ ਅੱਜ ਦੇ ਪਾਠਕ ਦੀਆਂ ਨਜ਼ਰਾਂ ਵਿਚ ਮਾਰਕਸਵਾਦੀ ਇਕ ਅਜਿਹਾ ਵਿਅਕਤੀ ਹੈ ਜੋ ਸਿਰਫ ਢਿੱਡ ਦੀਆਂ ਗੱਲਾਂ ਹੀ ਕਰਦਾ ਹੈ, ਰੂਹ ਦੀਆਂ ਨਹੀਂ। ਰੂਹਾਨੀ ਮਸਲਿਆਂ ਨਾਲ ਜਿਵੇਂ ਉਸਦਾ ਦੂਰ ਨੇੜੇ ਦਾ ਵੀ ਕੋਈ ਰਿਸ਼ਤਾ ਨਾ ਹੋਵੇ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਜਿਵੇਂ, ਉਸ ਦੇ ਨਹੀਂ, ਅਧਿਆਤਮਵਾਦੀਆਂ ਦੇ ਨਜਿੱਠਣ ਦੇ ਮਸਲੇ ਹੋਣ। (ਇਸ ਦਾ ਕਾਰਨ ਸ਼ਾਇਦ ਇਹ ਹੋਵੇ ਕਿ ਸੰਸਾਰ ਪੱਧਰ 'ਤੇ ਮਾਰਕਸਵਾਦ ਉਤੇ ਆਰਥਕਤਾਵਾਦ ਦਾ ਗ਼ਲਾਫ਼ ਚੜ੍ਹਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ, ਪਰ ਇਥੇ ਇਸ ਦੇ ਵਿਸਤਾਰ ਵਿਚ ਜਾ ਕੇ ਅਸੀਂ ਅਸਲੀ ਨੁਕਤੇ ਤੋਂ ਦੂਰ ਚਲੇ ਜਾਵਾਂਗੇ।)

ਪਰ ਕੀ ਮਾਰਕਸਵਾਦ ਐਨਾ ਹੀ ਗਿਆ-ਗੁਜ਼ਰਿਆ ਸਿਧਾਂਤ ਹੈ ਜੋ ਮਨੁੱਖ ਦੇ ਬੁਨਿਆਦੀ ਮਸਲੇ ਰੂਹਾਨੀਅਤ ਨਾਲ ਇੱਟ ਕੁੱਤੇ ਵਾਲਾ ਵੈਰ ਰਖਦਾ ਹੈ ? ਨਹੀਂ ਅਜਿਹੀ ਕੋਈ ਗੱਲ ਨਹੀਂ। ਇਸਦੇ ਐਨ ਉਲਟ ਮਾਰਕਸਵਾਦ ਹੀ ਇਕ ਅਜਿਹਾ ਸੰਸਾਰਕ ਦ੍ਰਿਸ਼ਟੀਕੋਣ ਹੈ ਜੋ ਮਨੁੱਖ ਦੇ ਰੂਹ ਦੇ ਮਸਲਿਆਂ ਨੂੰ ਹੀ ਆਪਣੇ ਅਧਿਐਨ ਅਤੇ ਅਮਲ ਦਾ ਵਿਸ਼ਾ ਬਣਾਉਂਦਾ ਹੈ।

ਰੂਹਾਨੀਅਤ ਹੈ ਕੀ ? ਮਨੁੱਖ ਦੀ ਮਨੁੱਖਤਾ ਉਸਦੀ ਆਜ਼ਾਦੀ, ਉਸਦੀ ਸੰਪੂਰਨਤਾ। ਮਨੁੱਖ ਦੇ ਸਮੁੱਚੇ ਘੋਲਾਂ ਦਾ ਇਤਿਹਾਸ ਰੂਹਾਨੀਅਤ ਦੀ ਪ੍ਰਾਪਤੀ ਦੀ ਤਾਂਘ ਦਾ ਇਤਿਹਾਸ ਹੈ। ਸਹੀ ਅਰਥਾਂ ਵਿਚ ਮਨੁੱਖ ਮਨੁੱਖ ਬਣ ਕੇ ਕਿਵੇਂ ਜੀ ਸਕਦਾ ਹੈ ਇਹ ਉਸਦਾ ਬੁਨਿਆਦੀ ਮਸਲਾ ਹੈ, ਜਿਸਨੂੰ ਉਹ ਹੱਲ ਕਰਨ ਵਿਚ ਲੱਗਿਆ ਹੋਇਆ ਹੈ। ਤਾਂ ਫਿਰ 'ਮਨੁੱਖ ਦੇ ਮਨੁੱਖ ਬਣ ਕੇ ਜਿਉਣ', ਉਸ ਦੀ ਆਜ਼ਾਦੀ ਜਾਂ ਉਸ ਦੀ ਮਨੁਖਤਾ ਤੋਂ ਕੀ ਭਾਵ ਹੈ ? ਇਸਦਾ ਭਾਵ ਇਹ ਹੈ ਕਿ ਮਨੁੱਖ ਅਜਿਹਾ ਰੂਹਾਨੀ ਜੀਵਨ ਜੀਅ ਸਕੇ ਜਿਥੇ ਉਸ ਦੀ ਰੂਹ ਹਰ ਤਰ੍ਹਾਂ ਦੇ ਵਿਸ਼ੇ-ਵਿਕਾਰਾਂ ਤੋਂ ਮੁਕਤ ਹੋ ਕੇ ਪਿਆਰ ਦਾ, ਸਾਂਝ ਦਾ, ਸਵੈ-ਪੂਰਣਤਾ ਦਾ ਜੀਵਨ ਜੀਅ ਸਕੇ। ਉਸ ਦੀ ਰੂਹਾਨੀ ਬਣਤਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ (ਹਉਮੈਂ) ਭਾਵ ਮਨੁੱਖੀ ਰੂਹ ਨੂੰ ਵਿਗਾੜਨ ਵਾਲੀ ਬਦੀ ਤੋਂ ਆਜ਼ਾਦ ਹੋਵੇ। ਜਦੋਂ ਮਨੁੱਖ ਅੰਦਰ ਇਹ ਵਿਕਾਰ ਹਨ, ਉਹ ਸੁੱਖ, ਆਨੰਦ ਅਤੇ ਆਜ਼ਾਦੀ ਦਾ ਜੀਵਨ ਨਹੀਂ ਜੀਅ ਸਕਦਾ। ਉਸ ਅੰਦਰ ਰੂਹ ਨਹੀਂ ਭਰ ਸਕਦੀ। ਜੀਵਨ-ਚੰਗਿਆੜੀ ਤੋਂ ਕੋਰਾ ਅਜਿਹਾ ਮਨੁੱਖ ਜਾਂ ਮੁਰਦਾ ਹੋ ਸਕਦਾ ਹੈ ਜਾਂ ਮੁਰਦਾਰ ਖਾਣ ਵਾਲੀ ਡੈਣ।

ਤਾਂ ਫਿਰ ਮਾਰਕਸਵਾਦ ਇਸ ਗੱਲ ਨੂੰ ਕਿਵੇਂ ਲੈਂਦਾ ਅਤੇ ਨਜਿੱਠਦਾ ਹੈ ? ਅਧਿਆਤਮਵਾਦ ਜਾਂ ਬੁਰਜੂਆ ਦ੍ਰਿਸ਼ਟੀਕੋਣ ਵਾਂਗ ਉਹ ਇਸਨੂੰ ਇਸ ਤਰ੍ਹਾਂ ਨਹੀਂ ਪੇਸ਼ ਕਰਦਾ ਕਿ ਮਨੁੱਖ ਅਪਣੀ ਬਣਤਰ ਸਦਕਾ ਹੀ ਇਨ੍ਹਾਂ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ) ਦਾ ਧਾਰਨੀ ਹੈ, ਉਹ ਆਪਣੇ ਸੁਭਾਉ ਸਦਕਾ ਹੀ ਪਸ਼ੂ ਹੈ। ਨਾ ਹੀ ਉਹ ਇਨ੍ਹਾਂ ਨੂੰ ਕਿਸੇ ਦੈਵੀ ਸ਼ਕਤੀ ਰੱਬ ਜਾਂ ਸ਼ੈਤਾਨ ਦੀ ਦਿੱਤੀ ਹੋਈ ਸ਼ੈ ਸਮਝਦਾ ਹੈ। ਮਾਰਕਸਵਾਦ ਰੂਹ ਨਾਲ ਸੰਬੰਧਿਤ ਕਿਸੇ ਵੀ ਮਸਲੇ ਨੂੰ ਬਾਹਰੀਆਂ ਸਥਿਤੀਆਂ (ਸਮਾਜ) ਨਾਲੋਂ ਤੋੜ ਕੇ ਨਹੀਂ ਦੇਖਦਾ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਆਦਿ ਬਦੀਆਂ ਸਾਡੇ ਉਸਾਰ ਦਾ


*PAUL'S PLUMBING & ELECTRICAL SUPPLY*

PLUMBING & BATHROOM FIXTURES & SUPPLIES
HOT WATER TANKS
HOT WATER HEATING & SUPPLIES



For All Your Plumbing & Electrical Supplies

| | |
|---|---|
| Dryer, Plug & Cord | $7.95 |
| Stove, Plug & Cord | $7.95 |
| 100 AMP Panel W/Main Breaker | $43.95 |

Bring This Ad To Get The Above Prices

ਸਾਡੇ ਕੋਲ ਆਵੋ, ਪੰਜਾਬੀ 'ਚ ਗਲਬਾਤ ਕਰੋ
ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਫੋਨ ਕਰੋ।

872 3118

English-Punjab-Hindi Spoken
4774 Main St (at 32nd)
Vancouver ● 872-3118
Open Sunday — Parking at rear.



SHAKTI GIFT

6576 MAIN STREET, VANCOUVER, B.C.



Where you can get all types of Real and Artificial Jewellery and all types of oriental designs can be made!

SALE AND REPAIRS OF WATCHES

Res. 327-8259
Bus. 321-6214

SPECIALIST IN EAST INDIAN JEWELLERY
GIFTWARE & REPAIRS

ਹਰ ਤਰ੍ਹਾਂ ਦੇ ਗਹਿਣੇ ਬਣਾਉਣ ਲਈ ਸਾਡੀ ਦੁਕਾਨ ਤੇ ਆਓ।

ਹਿੱਸਾ ਹਨ ਅਤੇ ਇਨ੍ਹਾਂ ਨੂੰ ਪੈਦਾ ਕਰਨ ਵਾਲਾ ਸਾਡਾ ਕਾਬਜ਼ ਨਿਜ਼ਾਮ ਹੈ। ਇਹ ਸਮਾਜਕ ਪੈਦਾਵਾਰ ਹਨ। ਇਤਿਹਾਸਕ ਉਸਾਰੀ ਦੇ ਕਾਨੂੰਨ ਅਧੀਨ ਇਹ ਬਦੀਆਂ ਮਨੁੱਖ ਅੰਦਰ ਪੈਦਾ ਹੋਈਆਂ ਹਨ ਅਤੇ ਇਸੇ ਕਾਨੂੰਨ ਅਧੀਨ ਇਹ ਮਨੁੱਖ ਹਥੋਂ ਖ਼ਤਮ ਹੋਣੀਆਂ ਹਨ। ਇਹ ਨੀਂਹ ਅਤੇ ਉਸਾਰ ਦੇ ਦਵੰਦਾਤਮਕ ਰਿਸ਼ਤੇ ਦਾ ਮਸਲਾ ਹੈ। ਮਨੁੱਖ ਮਨੁੱਖ ਦੇ ਨਾਤੇ ਬਦ ਨਹੀਂ ਸਗੋਂ ਇਤਿਹਾਸਕ ਉਸਾਰੀ ਦੇ ਕਾਨੂੰਨ ਅਧੀਨ ਜਦੋਂ ਸਮਾਜ ਜਮਾਤੀ (ਗੁਲਾਮ ਯੁਗ) ਸ਼ਕਲ ਅਖ਼ਤਿਆਰ ਕਰ ਗਿਆ ਤਾਂ ਮਨੁੱਖ ਦੀ ਡੋਰ ਸਰਮਾਏ ਦੇ ਹੱਥ ਚਲੀ ਗਈ। ਸਮਾਜਕ-ਆਰਥਿਕ-ਨਿਜ਼ਾਮ ਸਰਮਾਏ ਦਾ ਬਣ ਗਿਆ ਜਿਸ ਸਦਕਾ ਮਨੁੱਖੀ ਰੂਹ ਅੰਦਰ ਪੈਸੇ ਦੀਆਂ ਕਦਰਾਂ ਕੀਮਤਾਂ ਪ੍ਰਵੇਸ਼ ਕਰ ਗਈਆਂ। ਇਸ ਤੋਂ ਮੁਕਤ ਹੋਣ ਲਈ ਉਸ ਲੜਾਈਆਂ ਵੀ ਲੜੀਆਂ ਪਰ ਹਰ ਅਗਲਾ ਨਿਜ਼ਾਮ ਫਿਰ ਸਰਮਾਏ ਵਾਲਾ ਹੋਣ ਕਰ ਕੇ ਉਹ ਮੁੜ ਪਹਿਲਾਂ ਵਾਲੀ ਜ਼ਿਲਤ ਦਾ ਸ਼ਿਕਾਰ ਰਿਹਾ।

ਬਹੁਤਾ ਦੂਰ ਨਾ ਜਾਓ, ਅੱਜ ਦੇ ਜਮਾਤੀ ਸਮਾਜ ਸਰਮਾਏਦਾਰੀ ਸਮਾਜ ਦੀ ਉਦਾਹਰਣ ਹੀ ਲੈ ਲਓ। ਜਿਸ ਵਿਚ ਮਨੁੱਖੀ ਬਣਤਰ ਕਿਹੋ ਜਿਹੀ ਹੈ? 'ਹਾਏ ਪੈਸਾ, ਹਾਏ ਪੈਸਾ, ਹਾਏ ਹੋਰ ਪੈਸਾ' ਪੁਕਾਰਣ ਵਾਲੀ! ਸਰਮਾਏ ਦੀ ਹਵਸ ਨੇ ਉਸ ਤੋਂ ਸਾਰੀਆਂ ਰੂਹਾਨੀ ਕਦਰਾਂ ਕੀਮਤਾਂ ਖੋਹ ਲਈਆਂ ਹਨ, ਉਸ ਨੂੰ ਹੈਵਾਨ ਬਣਾ ਦਿੱਤਾ ਹੈ। ਨਿਜੀ ਜਾਇਦਾਦ ਬਣਾਉਣ ਦੀ ਹਵਸ ਅਧੀਨ ਉਹ ਮਾਂ-ਪਿਉ, ਭੈਣ-ਭਰਾ, ਦੋਸਤ-ਮਿੱਤਰ, ਸਕੇ-ਸੰਬੰਧੀ ਕਿਸੇ ਨਾਲ ਵੀ ਦਗਾ ਕਮਾਉਂਦਾ ਹੈ, 'ਆਪਣਿਆਂ ਬਗਾਨਿਆਂ' ਦੇ ਖ਼ੂਨ ਕਰਦਾ ਹੈ; ਕੂੜ ਬੋਲਦਾ ਤੇ ਤੋਲਦਾ ਹੈ। ਕਿਉਂ? ਕਿਉਂਕਿ ਸਰਮਾਏਦਾਰੀ ਨਿਜ਼ਾਮ ਵਿਚ ਮਨੁੱਖ ਦੀ ਮਨੁੱਖਤਾ ਦਾ ਨਹੀਂ, ਸਗੋਂ ਉਸਦੇ 'ਪੈਸੇ' ਦਾ ਮੁੱਲ ਪੈਂਦਾ ਹੈ। ਰਿਸ਼ਤੇ ਇਨਸਾਨੀ ਨਹੀਂ, ਪੈਸੇ ਦੇ ਹਨ। ਅਜਿਹੀ ਮਨੁੱਖੀ-ਬਣਤਰ ਵਿਚ ਰੂਹਾਨੀਅਤ ਕਿਥੋਂ? ਇਹ ਤਾਂ ਲਹੂ-ਪੀਣੀ ਬਣਤਰ ਹੈ, ਵੱਡੀ ਮੱਛੀ ਛੋਟੀ ਨੂੰ ਖਾਣ ਵਾਲੀ ਬਣਤਰ!

ਹਰ ਨਿਜ਼ਾਮ ਆਪਣੀਆਂ ਸਦਾਚਾਰਕ ਕਦਰਾਂ-ਕੀਮਤਾਂ ਸਿਰਜਦਾ ਹੈ ਅਤੇ ਆਪਣੇ ਵਿਚਲੇ ਮਨੁੱਖਾਂ ਨੂੰ ਆਪਣੇ ਅਨੁਕੂਲ ਢਾਲ ਕੇ ਚਲਾਉਂਦਾ ਹੈ। ਅਜਿਹਾ ਨਾ ਹੋਵੇ, ਤਾਂ ਉਹ ਆਪਣੇ ਮਨੁੱਖਾਂ ਹੱਥੋਂ ਖ਼ੁਦ ਹੀ ਖ਼ਤਮ ਹੋ ਜਾਂਦਾ ਹੈ। ਮਨੁੱਖੀ ਇਤਿਹਾਸ ਵਿਚ ਬਗਾਵਤਾਂ ਹੋਈਆਂ ਹੀ ਓਦੋਂ ਹਨ ਜਦੋਂ ਕਾਬਜ਼ ਨਿਜ਼ਾਮ ਦੇ ਮਨੁੱਖਾਂ ਨੇ ਉਸ ਦੀਆਂ ਕਦਰਾਂ-ਕੀਮਤਾਂ ਪ੍ਰਵਾਨ ਕਰਨ ਤੋਂ ਨਾਂਹ ਕਰ ਦਿੱਤੀ ਹੋਵੇ। ਨਵੀਆਂ ਕਦਰਾਂ-ਕੀਮਤਾਂ ਉਸੇ ਨਿਜ਼ਾਮ ਦੀ ਕੁੱਖੋਂ ਪੈਦਾ ਹੋ ਕੇ ਉਸੇ ਦਾ ਖ਼ਾਤਮਾ ਕਰਦੀਆਂ ਆਈਆਂ ਹਨ। ਕੋਈ ਸਦੀਵੀ ਤੇ ਮੁਕੰਮਲ ਉਚੇਰੀਆਂ ਸਦਾਚਾਰਕ ਕੀਮਤਾਂ ਵਾਲਾ ਸਮਾਜ ਇਸ ਲਈ ਨਹੀਂ ਸਿਰਜਿਆ ਜਾ ਸਕਿਆ ਕਿਉਂਕਿ, ਜਿਵੇਂ ਕਿ ਪਹਿਲਾਂ ਕਿਹਾ ਜਾ ਚੁੱਕਿਆ ਹੈ, ਬੁਨਿਆਦੀ ਲਛਣ (ਆਰਥਿਕ ਕਾਣੀ ਵੰਡ) ਇਨ੍ਹਾਂ (ਗੁਲਾਮ, ਜਾਗੀਰਦਾਰੀ ਤੇ ਸਰਮਾਇਦਾਰੀ ਨਿਜ਼ਾਮਾਂ) ਦਾ ਇਕੋ ਹੀ ਸੀ।

ਉਪਰੋਕਤ ਤੋਂ ਇਕ ਸ਼ੰਕਾ ਖੜਾ ਹੋ ਸਕਦਾ ਹੈ ਕਿ ਜੇ ਮਨੁੱਖੀ ਮਾਨਸਿਕ ਬਣਤਰ ਨੂੰ ਕੇਵਲ ਬਾਹਰੀ ਨਿਜ਼ਾਮ ਹੀ ਸਥਾਪਿਤ ਕਰਦਾ ਹੈ ਤਾਂ ਮਨੁੱਖ ਇਸ ਨੂੰ ਤਬਦੀਲ ਕਿਵੇਂ ਕਰ ਸਕਦਾ ਹੈ। ਮਾਰਕਸਵਾਦ ਇਸ ਗੱਲ ਦਾ ਉੱਤਰ ਇਵੇਂ ਦਿੰਦਾ ਹੈ ਕਿ ਨੀਂਹ ਅਤੇ ਉਸਾਰ ਦਾ ਰਿਸ਼ਤਾ ਡਾਇਲੈਕਟੀਕਲ (ਦਵੰਦਾਤਮਕ) ਹੈ। ਉਸਾਰ ਨੀਂਹ ਦਾ ਨਿਰਾ ਪੂਰਾ ਪ੍ਰਛਾਵਾਂ ਨਹੀਂ ਹੁੰਦਾ। ਜੇ ਨੀਂਹ ਉਸਾਰ ਨੂੰ ਉਸਾਰਦੀ ਹੈ ਤਾਂ ਮੁੜਦੇ ਪੈਰੀਂ ਉਸਾਰ ਨੀਂਹ (ਸਮਾਜ) ਨੂੰ ਵੀ ਪ੍ਰਭਾਵਿਤ ਕਰਦਾ ਤੇ ਬਦਲਦਾ ਹੈ। ਇਹ ਦੋਹਾਂ ਦੀ ਦਵੰਦਾਤਮਕ ਏਕਤਾ ਹੈ ਅਤੇ ਇਸ ਬਿਨਾਂ ਸਮਾਜ ਦੀ ਹੋਂਦ ਹੀ ਸੰਭਵ ਨਹੀਂ। ਇਤਿਹਾਸ ਵਿਚ ਤਾਂ ਅਜਿਹੀਆਂ ਵੀ ਅਨੇਕਾਂ ਉਦਾਹਰਣਾਂ ਮਿਲਦੀਆਂ ਹਨ ਜਦੋਂ ਉਸਾਰ ਇਨਕਲਾਬੀ ਚੇਤਨਾ ਗ੍ਰਹਿਣ ਕਰ ਕੇ ਨੀਂਹ ਤੋਂ ਅੱਗੇ ਲੰਘਦਾ ਰਿਹਾ ਹੈ। ਨਹੀਂ ਤਾਂ ਜੋ ਵੀ ਸਮਾਜ ਵਿਚ ਇਨਕਲਾਬੀ ਤਬਦੀਲੀਆਂ ਹੁਣ ਤਕ ਹੋਈਆਂ ਹਨ, ਉਹ ਕਦੇ ਵੀ ਸੰਭਵ ਨਾ ਹੁੰਦੀਆਂ। ਹਾਲਾਂ ਕਿ ਬਾਹਰੀ ਪਦਾਰਥਕ ਹਾਲਤਾਂ ਨੇ ਉਨ੍ਹਾਂ ਦਾ ਸਾਥ ਨਹੀਂ ਸੀ ਦਿੱਤਾ।

ਉਪਰੋਕਤ ਸਾਰੀ ਚਰਚਾ ਦਾ ਨਿਚੋੜ ਕੇਵਲ ਇਤਨਾ ਹੈ ਕਿ ਮਾਰਕਸਵਾਦ ਰੂਹਾਨੀਅਤ ਦੇ ਮਸਲੇ ਨੂੰ ਇਕ ਸਮਾਜਕ ਮਸਲਾ ਸਮਝਦਾ ਹੈ। ਉਹ ਬੁਰਜੂਆ ਸਿਧਾਂਤਕਾਰਾਂ ਜਾਂ ਆਦਰਸ਼-ਵਾਦੀਆਂ ਵਾਂਗ ਮਨੁੱਖ ਦੀ ਰੂਹ ਦੇ ਦੁੱਖਾਂ ਜਾਂ ਸੁੱਖਾਂ ਨੂੰ ਕਿਸੇ 'ਦੈਵੀ ਸ਼ਕਤੀ' ਜਾਂ ਮਨੁੱਖ ਦੇ 'ਮੂਲ-ਸੁਭਾਅ' ਨਾਲ ਨਹੀਂ ਜੋੜਦਾ। ਆਓ ਹੁਣ ਵੇਖੀਏ, ਮਾਰਕਸਵਾਦ ਮਨੁੱਖ ਦੀ ਰੂਹਾਨੀਅਤ ਲਈ ਖ਼ੁਦ ਕੀ ਕਰਦਾ ਹੈ?

ਕਈ ਲੋਕਾਂ ਨੇ ਮਾਰਕਸਵਾਦ ਦੇ 'ਪਦਾਰਥਵਾਦੀ' ਹੋਣ ਦਾ ਅਰਥ ਇਹ ਲਿਆ ਹੈ


**If you are looking for**
*** Quality**
*** Price**
*** After Sale Service when buying your car contact**



ਕਿਸੇ ਪਰਕਾਰ ਦੀ ਕਾਰ ਖ਼ੀਦਣੀ ਜਾਂ ਟਰੇਡ ਕਰਨੀ ਹੋਵੇ ਤਾਂ ਖ਼ੀਦਣ ਤੋਂ ਪਹਿਲਾਂ
ਕੁਲਦੀਪ ਝੰਡ
ਨੂੰ ਮਿਲੋ ਜਾਂ ਫੂਨ ਕਰੋ



Kuldip Singh Jhand
**Res. 524-4137**

**OFFICE**
# 521-7731
# WESTMINSTER CHEVROLET-OLDSMOBILE
**12 Street & Queens Ave**
**New Westminster**

**THINKING OF TRAVEL?**
**WE CAN SAVE YOU MONEY, TIME AND TROUBLE**
**GROUPS — CHARTER — EXCURSION**
**PAY LATER**
**SPECIAL IMMIGRANT FARES AVAILABLE**

# GOYAL TRAVEL

**4180 FRASER STREET, VANCOUVER 10, B.C.**
**PHONE: 872-7658**

**ASSOCIATE OFFICES:**
Opposite Nehru Garden, Jullundur City
Near Courts Moga (India) — Phone 2798
Near Courts Jagraon (India) — Phone 252
Bhagat Singh Chowk, Sadar Bazaar Barnala, (India). Phone 555

ਕਿ ਮਾਰਕਸਵਾਦ 'ਪਦਾਰਥਾਂ' ਨੂੰ ਹੀ ਸਭ ਕੁਝ ਸਮਝਦਾ ਹੈ, ਭਾਵ ਉਹ ਪਦਾਰਥਾਂ ਪਿਛੇ ਦੌੜ-ਭੱਜ ਕਰਦਾ ਹੈ। ਮਾਰਕਸਵਾਦ ਨੂੰ ਸਮਝਣ ਦੀ ਇਹ ਬੁਨਿਆਦੀ ਭੁੱਲ ਹੈ। ਮਾਰਕਸਵਾਦ ਦੇ 'ਪਦਾਰਥਵਾਦੀ' ਹੋਣ ਦਾ ਭਾਵ ਸਿਰਫ ਇਤਨਾ ਹੈ ਕਿ ਉਹ ਜ਼ਿੰਦਗੀ ਦੇ ਸਮੁੱਚੇ ਵਰਤਾਰੇ ਦਾ ਕਾਰਨ-ਕਾਰਜ ਬਾਹਰੀ ਪਦਾਰਥਕ ਕੁਦਰਤ ਵਿਚ ਵੇਖਦਾ ਹੈ। ਉਸ ਲਈ ਚੇਤਨਾ ਬਾਦ ਵਿਚ ਪੈਦਾ ਹੋਈ ; ਪਦਾਰਥ ਸਦੀਵ ਹੈ। ਇਸੇ ਕਰ ਕੇ ਮਾਰਕਸਵਾਦ ਨੂੰ ਇਕ ਵਿਗਿਆਨਕ ਨਜ਼ਰੀਆ ਕਿਹਾ ਜਾਂਦਾ ਹੈ।

ਜਿਥੋਂ ਤੱਕ ਪਦਾਰਥਾਂ ਪਿੱਛੇ ਭੱਜਣ ਜਾਂ ਉਨ੍ਹਾਂ ਨੂੰ ਇਕੱਠੇ ਕਰਨ ਦਾ ਸੁਆਲ ਹੈ, ਇਹ ਸੁਭਾਉ ਮਾਰਕਸਵਾਦ ਦਾ ਨਹੀਂ, ਸਗੋਂ ਬੁਰਜੁਆਵਾਦਾਂ ਦਾ ਹੈ। ਮਾਰਕਸਵਾਦ ਤਾਂ ਇਕ ਅਜਿਹੇ ਸਮਾਜ ਦੀ ਯਥਾਰਥਕ ਕਲਪਣਾ ਕਰਦਾ ਹੈ ਜਿਥੇ ਪਦਾਰਥਾਂ (ਸਰਮਾਏ) ਦਾ ਨਹੀਂ, ਮਨੁੱਖ ਦਾ ਮੁੱਲ ਪੈਣਾ ਹੈ। ਸਰਮਾਇਆ ਜਾਂ ਪਦਾਰਥ ਮਨੁੱਖ ਦੇ ਉੱਚੇ ਤੇ ਸੁੱਚੇ ਸਦਾਚਾਰਕ ਜੀਵਨ ਦਾ ਸਾਧਨ ਤਾਂ ਹੋਣਗੇ. ਉਸਨੂੰ ਖਰੀਦਣ ਜਾਂ ਇਖ਼ਲਾਕੀ ਤੌਰ ਤੇ ਮਾਰਨ ਵਾਲੀ ਸ਼ਕਤੀ ਨਹੀਂ। ਜਮਾਤਾਂ-ਰਹਿਤ ਸਮਾਜ (ਸਾਮਵਾਦ) ਦਾ ਸੰਕਲਪ ਹੀ ਇਸੇ ਲਈ ਹੈ ਕਿ ਕੋਈ ਵੀ ਆਰਥਿਕ (ਸਰਮਾਏ) ਤੌਰ 'ਤੇ ਤਕੜੀ ਜਮਾਤ ਸਮਾਜ ਵਿਚ ਭਾਰੂ ਹੋ ਕੇ ਹੈਵਾਨ ਨਾ ਬਣੇ ਤੇ ਸਮਾਜੀ ਜੀਵਨ ਨੂੰ ਦੋਜ਼ਖ਼ ਦੀ ਭੱਠੀ ਵਿਚ ਨਾ ਸੁੱਟੇ। ਸਮਾਜਵਾਦ ਤੋਂ ਸਾਮਵਾਦ ਤਕ ਦੀ ਤਬਦੀਲੀ ਦਾ ਅਮਲ ਮਨੁੱਖ ਦੀ ਸਮੁੱਚੀ ਸ਼ਖ਼ਸੀਅਤ ਦੀ ਤਬਦੀਲੀ ਦਾ ਅਮਲ ਹੈ। ਜ਼ਿੰਦਗੀ ਦੇ ਅਮਲ ਵਿਚ ਮਨੁੱਖ ਸਟੇਟ ਦੇ ਭੈਅ ਵਿਚ ਬੱਝਿਆ ਨਹੀਂ ਵਿਚਰੇਗਾ ਸਗੋਂ ਉਚੀਆਂ ਤੇ ਸੁੱਚੀਆਂ ਰੂਹਾਨੀ ਕੀਮਤਾਂ ਦੇ ਨਸ਼ੇ ਵਿਚ ਵਿਚਰੇਗਾ। ਪਿਆਰ, ਹਮਦਰਦੀ, ਸਾਂਝ, ਸਵੈ-ਕੁਰਬਾਨੀ, ਸਬਰ, ਸੰਤੋਖ, ਨਿਮ੍ਰਤਾ ਆਦਿ ਇਖ਼ਲਾਕੀ ਕੀਮਤਾਂ ਉਸਦੀ ਜੀਵਨ-ਜਾਚ ਹੋਵੇਗੀ। ਉਹ ਜ਼ਿੰਦਗੀ ਦਾ ਸ਼ਹਿਜ਼ਾਦਾ ਹੋਵੇਗਾ। ਪੈਦਾਵਾਰੀ ਸਾਧਨਾਂ ਦੀ ਸਰਵ-ਜਨਕ ਮਾਲਕੀ ਉਸ ਅੰਦਰ ਭਰਾਤਰੀ, ਦੋਸਤੀ ਪਰਸਪਰ ਸਤਿਕਾਰ ਤੇ ਸਾਂਝ ਉਤਪੰਨ ਕਰੇਗੀ। ਦੰਭ, ਝੂਠ, ਦਿਖਾਵੇ ਦੀ ਆਪਣੇ ਆਪ ਜੜ ਪੁੱਟੀ ਜਾਵੇਗੀ। ਇਸ ਇਖ਼ਲਾਕ ਦਾ ਨਾਂ ਕਮਿਊਨਿਸਟ ਇਖ਼ਲਾਕ ਹੋਏਗਾ। ਕਮਿਊਨਿਸਟ ਇਖ਼ਲਾਕ ਦਾ ਅਰਥ ਹੈ, ਆਜ਼ਾਦੀ, ਮਨੁਖਤਾ। ਇਹ ਜ਼ਿੰਦਗੀ ਨਸ਼ੇ ਦੀ, ਖ਼ੁਮਾਰੀ ਦੀ ਹੋਵੇਗੀ। ਮਨੁੱਖ ਦੇ ਅੰਦਰ ਬਾਹਰ ਇਕ ਖੇੜਾ, ਇਕ ਹੁਲਾਰ ਹੋਵੇਗਾ। ਬੱਸ ਇਹੋ ਹੈ ਰੂਹ ਦਾ ਜੀਵਨ, ਮਨੁੱਖ ਦੀ ਰੂਹਾਨੀਅਤ !

ਸਾਡੇ ਬਹੁਤੇ ਪੰਜਾਬੀ ਲੇਖਕ ਜ਼ਿੰਦਗੀ ਦੀ ਪੜਤਾਲ ਮਾਰਕਸਵਾਦੀ-ਮਹਾਂ ਦ੍ਰਿਸ਼ਟੀ ਨਾਲ ਨਹੀਂ ਕਰਦੇ। ਉਹ ਕਾਬਜ਼-ਨਿਜ਼ਾਮ ਵਿਚ ਬੱਝੀ ਮਨੁੱਖ ਦੀ ਹੋਣੀ ਨੂੰ ਸਤਈ ਪੱਧਰ 'ਤੇ ਲੈਂਦੇ ਹਨ। ਕੱਚੀ ਆਰਥਿਕਵਾਦੀ ਸਿਆਸਤ ਨਾਲ ਅਚੇਤ ਜਾਂ ਸੁਚੇਤ ਬੱਝੇ ਹੋਣ ਕਰ ਕੇ ਉਹ ਕੁਝ ਗਰੀਬ ਪਾਤਰ ਮਿਥ ਲੈਂਦੇ ਹਨ ਅਤੇ ਕੁਝ ਅਮੀਰ ਉਨ੍ਹਾਂ ਦੇ ਆਧਾਰ 'ਤੇ ਕਹਾਣੀ ਘੜ ਕੇ ਜਾਂ ਵਾਤਾਵਰਣ ਉਸਾਰ ਕੇ ਉਹ 'ਸਿੱਧ' ਕਰਨ ਵਿਚ ਰੁਝ ਜਾਂਦੇ ਹਨ ਕਿ ਅਮੀਰ ਮਾੜੇ (ਬਦ) ਹਨ ਅਤੇ ਗਰੀਬ ਚੰਗੇ। ਉਹ ਇਹ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕਰਦੇ ਕਿ ਗਰੀਬ ਅਤੇ ਅਮੀਰ ਨੂੰ ਚਲਾਉਣ ਵਾਲੀ ਕਿਹੜੀ ਸ਼ਕਤੀ ਹੈ। ਨਤੀਜਾ ਇਹ ਨਿਕਲਦਾ ਹੈ ਕਿ ਉਨ੍ਹਾਂ ਦੀ ਲਿਖਤ ਪੜ੍ਹ ਕੇ ਸਰਮਾਏਦਾਰੀ-ਨਿਜ਼ਾਮ ਨਾਲ ਨਹੀਂ, ਕੁਝ ਵਿਅਕਤੀਆਂ ਨਾਲ ਹਮਦਰਦੀ ਜਾਂ ਘਿਰਣਾ ਉਪਜਦੀ ਹੈ। ਵੇਖਣ ਵਾਲੀ ਗੱਲ ਮਨੁੱਖ ਦੀ ਰੂਹ ਦੀ ਪੀੜ ਹੈ। ਕੋਈ ਮਨੁਖ ਹੰਕਾਰ, ਲੋਭ, ਲਾਲਚ ਜਾਂ ਫਿਰ ਨਮੋਸ਼ੀ ਤੇ ਨਾ-ਹੋਇਆਂ ਵਰਗਾ ਜੀਵਨ ਕਿਉਂ ਜਿਉਂਦਾ ਹੈ। ਇਸ ਲਈ ਜਿਉਂਦਾ ਹੈ ਕਿਉਂਕਿ ਮੌਜੂਦਾ ਸਮਾਜਕ-ਨਿਜ਼ਾਮ ਨੇ ਉਸ ਤੋਂ ਉਸ ਦੀ ਰੂਹ ਖੋਹ ਲਈ ਹੈ। ਜੇ ਉਹ ਗਰੀਬ ਹੈ ਤਾਂ ਪੈਸੇ ਦੀ ਤੰਗੀ ਸਦਕਾ ਗੁਆਈ ਬੈਠਾ ਹੈ ਅਤੇ ਜੇ ਅਮੀਰ ਹੈ ਤਾਂ ਪੈਸੇ ਦੀ ਬਹੁਲਤਾ ਕਰ ਕੇ ਗੁਆਈ ਬੈਠਾ ਹੈ। ਗੱਲ ਰੋਟੀ (ਆਰਥਿਕਤਾ) ਦੀ ਹੋਵੇ ਤੇ ਭਾਵੇਂ ਪਿਆਰ ਦੀ, ਹੋਵੇ ਉਹ ਮਨੁੱਖ ਦੀ ਖੁੱਸੀ ਹੋਈ ਰੂਹ ਦੇ ਪ੍ਰਸੰਗ ਵਿਚ ਹੀ।

ਮੈਂ ਸਾਰੇ ਪੰਜਾਬੀ ਲੇਖਕਾਂ ਨੂੰ ਇਕੋ ਡੰਡੇ ਨਾਲ ਹਿੱਕਣਾ ਵੀ ਨਹੀਂ ਚਾਹੁੰਦਾ। ਕਈ ਲੇਖਕਾਂ ਨੇ ਕਿਤੇ ਕਿਤੇ ਇਸ ਪ੍ਰਸੰਗ ਵਿਚ ਗੱਲਾਂ ਕੀਤੀਆਂ ਵੀ ਹਨ। ਇਸ ਪੱਖੋਂ ਸਭ ਤੋਂ ਵੱਧ ਸੁਚੇਤ ਮੈਨੂੰ ਗੁਰਦਿਆਲ ਸਿੰਘ ਨਾਵਲਕਾਰ ਜਾਪਦਾ ਹੈ। •

(ਧੰਨਵਾਦ ਸਹਿਤ 'ਸਿਰਜਣਾ' ਵਿਚੋਂ)

# ਚੌਧਰੀ

– ਸਾਜਨ ਬੇਲ

ਮੇਰੀ ਚੌਧਰੀ
ਸਿਰ ਚੜ੍ਹਨ ਦੀ ਕੋਸ਼ਿਸ਼ ਕਰਦੀ ਹੈ

ਚੌਧਰੀਆਂ ਤਾਂ ਬਹੁਤ ਸਿਰ ਚੜ੍ਹੀਆਂ ਹਨ
ਪਰ ਸਿਰਾਂ ਵਿੱਚ ਫ਼ਰਕ ਹੁੰਦਾ ਹੈ

ਜਿੰਨ੍ਹਾਂ ਸਿਰਾਂ ਨੇ
ਅੰਧੇਰੇ ਘਰਾਂ ਨੂੰ ਉਜਾਲੇ ਕੀਤਾ ਹੈ
ਉਨ੍ਹਾਂ ਦੇ ਨਾਮ
ਉਜਾਲਾਂ ਤੇ ਲਿਖ ਸਕਦਾ ਹਾਂ ਮੈਂ –

ਫੂਕੂ ਚੌਧਰੀਆਂ
ਹਰ ਰੋਜ਼ ਸਿਰ ਚੜ੍ਹੇ ਦੀ
ਬਿਨ ਮਤਲਬ ਹਰ ਰੋਜ਼ ਟੁੱਟਦੀਆਂ !


**GANDHAM CONTRACTOR**

*Farm Labour Suppliers*

ਤੁਹਾਨੂੰ ਕੰਮ ਦੀ ਜ਼ਰੂਰਤ ਹੈ?
ਸੁੱਚਾ ਜਾਂ ਸੀਤਲ ਨੂੰ ਫੂਨ ਕਰੋ। ਅਸੀਂ ਇਸ ਘਰੋਂ ਪਿਕ ਕਰਣਾ ਤੇ ਅਸੀਂ ਇਸ ਘਰ ਪਹੁੰਚਾਣਾ। ਵਕਤ ਸਿਰ ਪੈਸੇ ਮਿਲਣਗੇ। ਜ਼ਿਆਦਾ ਲੰਬਾ ਕੰਮ, ਅਤੇ ਜ਼ਿਆਦਾ ਘੱਟ ਕੰਮ।

ਫਾਰਮ ਵਰਕ ਤੋਂ ਇਲਾਵਾ ਪੇਪਰ ਸੌਰਟ ਦਾ ਕੰਮ ਵੀ ਮਿਲੇਗਾ।

**Phone: Sital, 325-4036**
**Sucha: 325-5474**

ਭਾਰਤੀ ਆਰਟ ਜਿਊਲਰਜ਼

ORIENTAL SILVER AND GOLD JEWELRY REPAIRING



**BHARTI ART JEWELLERS**

*Specialist in East Indian Jewelry Craftware*

RASIK PAREKH
Res.: 879-5610
Store: 874-9448

865 Kingsway nr. Fraser
Vancouver B.C., Canada

We Also Take Orders For
Marriage Party Photos and Group Photos
Contact Raj

# ਸੱਚੇ ਮਾਰਗ ਚਲਦਿਆਂ ਤੇ ਇਕ ਝਾਤ

—ਮੁਸ਼ਤਾਕ ਸਿੰਘ

ਹਰਜੀਤ ਦੌਧਰੀਆ ਨੇ ਪਿਛਲੇ ਸਾਲ "ਸੱਚੇ ਮਾਰਗ ਚਲਦਿਆਂ" ਕਾਵਿ ਸੰਗ੍ਰਹਿ ਪੇਸ਼ ਕੀਤਾ ਸੀ । ਇਨ੍ਹਾਂ ਚੋਂ ਕਈ ਕਵਿਤਾਵਾਂ ਪੰਜਾਬੀ ਦੇ ਸਿਰਕਢ ਪਰਚਿਆਂ ਵਿਚ ਛਪ ਚੁਕੀਆਂ ਹਨ । ਉਹਨਾਂ ਦਾ ਆਪਣਾ ਇਕ ਵਿਲੱਖਣ ਰੂਪ ਹੈ । ਬੋਲੀ ਬੜੀ ਅਮੀਰ ਅਤੇ ਮਾਲਵੇ ਦੀ ਧਰਤੀ ਦੀ ਬੜੀ ਸੋਹਣੀ ਉਦਾਹਰਣ ਹੈ । ਡਾ: ਆਤਮ ਹਮਰਾਹੀ ਚਾਹੇ ਆਪਣੀਆਂ ਗਜ਼ਲਾਂ ਕਰਕੇ ਨਾਮ ਨਾ ਕਮਾਵੇ ਪਰ ਜਿਸ ਤਰ੍ਹਾਂ ਉਹਨੇ ਮਾਲਵੇ ਦੀ ਬੋਲੀ ਦੇ ਮੋਤੀ ਤਲਾਸ਼ ਕਰਨ ਦੇ ਯਤਨ ਕੀਤੇ ਹਨ, ਉਸੇ ਤਰ੍ਹਾਂ ਹੀ ਦੌਧਰੀਆ ਧਰਤੀ ਤੋਂ ਦੂਰ ਵਸਦਾ ਹੋਇਆ ਵੀ ਅਨਗਿਣਤ ਐਸੇ ਸ਼ਬਦ ਅਤੇ ਉਹਨਾਂ ਦਾ ਮਲਵਈ ਪ੍ਰਯੋਗ ਲਭਕੇ ਲਿਆਇਆ ਹੈ ਜਿਹੜਾ ਪੰਜਾਬੀ ਭਾਸ਼ਾ ਨਾਲ ਪਰੇਮ ਕਰਨ ਵਾਲਿਆਂ ਲਈ ਬੜਾ ਨਿੱਘਾ ਸੁਨੇਹਾ ਹੈ। ਬੋੜੇ ਖੂਹ, ਭਰਗਲੇ ਮੂੰਹ, ਰੇਸਲੇ ਸਿਰ, ਢਲਰਾਨੀਆਂ ਆਂਦਰਾਂ, ਖੁਸਰਾ-ਤੌਰ, ਜਿੱਦਲ-ਕਿਸਮ, ਹੱਥਲ, ਠੱਠੀਆਂ, ਖੁੰਗਲ, ਮੜ੍ਹੰਗੇ, ਅੱਕਰਾ, ਕੁੰਨੂੰ, ਰੰਘੜਊ ਆਦਿ ਅਨੇਕਾਂ ਐਸੇ ਨਮੂਨੇ ਹਨ ਜਿਨ੍ਹਾਂ ਸਦਕਾ ਦੌਧਰੀਆ ਵਧਾਈ ਦਾ ਪਾਤਰ ਹੈ ।

ਮੈਂ ਜਾਣਦਾ ਹਾਂ ਪੰਜਾਬ ਬੈਠੇ ਆਲੋਚਕਾਂ ਨੇ ਇਹਨਾਂ ਕਵਿਤਾਵਾਂ ਦਾ ਕਿਤੇ ਜ਼ਿਕਰ ਨਹੀਂ ਕਰਨਾ । ਹਰਭਜਨ ਹੁੰਦਲ ਨੇ ਜ਼ਰੂਰ ਜ਼ਿਕਰ ਚਲਾਇਆ ਹੈ । ਕਦੇ ਇਹੋ ਗੱਲ ਬੰਬਈ ਬੈਠੇ ਸੁਖਬੀਰ ਅਤੇ ਹਰਨਾਮ ਸਿੰਘ ਨਾਜ਼ ਕਰਦੇ ਹੁੰਦੇ ਸਨ । ਹੁਣ ਪਿਛਲੇ ਕੁਝ ਸਾਲਾਂ ਤੋਂ ਵਲੈਤ ਦੇ ਸਾਹਿਤਕ ਹਲਕਿਆਂ ਵਿਚ ਵੀ ਸਿਰ ਚੁਕ ਰਹੀ ਹੈ । ਮੈਂ ਇਸ ਥਾਂ ਪੋਤਲੀ ਜਹੀ ਨਜ਼ਰ ਮਾਰਨੀ ਜ਼ਰੂਰੀ ਸਮਝਦਾ ਹਾਂ ।

ਪਿਛਲੇ ਕੁਝ ਸਾਲਾਂ ਵਿਚ ਰਚੇ ਗਏ ਪੰਜਾਬੀ ਸਾਹਿਤ ਦੇ ਵਿਸਤ੍ਰਿਤ ਆਲੋਚਨਾਤਮਕ ਅਧਿਅਨ ਦੀ ਬਹੁਤ ਘਾਟ ਰਹੀ ਹੈ । ਪੰਦ੍ਰਾਂ ਵੀਹ ਸਾਲ ਪਹਿਲਾਂ ਇਹ ਚੰਗੀ ਪ੍ਰਿਰਤ ਸੀ ਕਿ ਹਰ ਨਾਲ ਦੇ ਸਾਹਿਤਕ ਵਿਗਸੇ ਤੇ ਆਲੋਚਕਾਂ ਵਲੋਂ ਬੜੀ ਸੁਹਿਰਦਤਾ ਅਤੇ ਈਮਾਨਦਾਰੀ ਨਾਲ ਲੇਖ ਲਿਖੇ ਜਾਂਦੇ ਸਨ । ਪੰਜਾਬੀ ਦੁਨੀਆ, ਸਾਹਿਤ ਸਮਾਚਾਰ ਜਾਂ ਆਲੋਚਨਾ ਜਹੇ ਪਰਚਿਆਂ ਵਿਚ ਬੜੇ ਗਿਆਨ-ਭਰਪੂਰ ਲੇਖ ਹੁੰਦੇ ਸਨ । ਸੰਤ ਸਿੰਘ ਸੇਖੋਂ ਦੇ ਬਹੁਤ ਸਾਰੇ ਲੇਖਾਂ ਨੇ ਪੰਜਾਬੀ ਸਾਹਿਤ ਵਲ ਆਲੋਚਕਾਂ ਅਤੇ ਪਾਠਕਾਂ ਨੂੰ ਆਕ੍ਰਸ਼ਤ ਕੀਤਾ ਪਰ ਜਾਪਦਾ ਹੈ ਪੰਜਾਬੀ ਆਲੋਚਨਾ ਦੀਆਂ ਹੁਣ ਲੀਹਾਂ ਬਦਲ ਗਈਆਂ ਹਨ ਜਿਵੇਂ ਕਿਸੇ ਕਿਤਾਬ ਦਾ ਨਿਰਨੈਮਈ ਮੁਖਬੰਦ ਲਿਖਣਾ ਜਾਂ ਦੂਜੇ ਸਾਹਿਤਕਾਰਾਂ ਬਾਰੇ ਆਪਣੀ ਗੱਲ-ਟੂਕ ਰਾਏ ਬਣਾਉਣੀ, ਹੇਠੀ ਸਮਝਦੇ ਹੋਣ । ਐਧੀ ਕੁ ਪ੍ਰੌਢ ਆਲੋਚਕ ਗੁਰੂ ਨਾਨਕ ਨੂੰ ਕਾਰਲ ਮਾਰਕਸ ਦਾ ਗੁਰੂ ਸਿਧ ਕਰਨ ਵਿਚ ਲੱਗੇ ਹੋਏ ਹਨ ਅਤੇ ਬਾਕੀ ਆਲੋਚਕ ਭਟਾਣੀ ਬਾਹਿਰ ਜਾਂ ਸਿੰਧਾ ਸਾਹਿਤ ਦੇ ਲੰਮੇਰੇ ਉਲੇਵਨ ਵਿਚ ਰੁੱਝੇ ਹੋਏ ਹਨ । ਅਜ ਦੇ ਸਾਹਿੱਤ ਨੂੰ ਨਵੀਂ ਚੇਤਨਤਾ ਦੀ ਰੋਸ਼ਨੀ ਵਿਚ ਵੇਖਣ ਦੇ ਯਤਨ ਬਿਲਕੁਲ ਨਾ ਹੋਣ ਦੇ ਬਰਾਬਰ ਹਨ । ਜਦ ਕਿਸੇ ਨੂੰ ਇਨਾਮ ਮਿਲ ਜਾਂਦਾ ਹੈ ਤਾਂ ਆਲੋਚਨਾਤਮਕ ਲੇਖ-ਲੜੀਆਂ ਦਾ ਕੱਚਾ-ਪੱਕਾ ਜਿਹਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ । ਚਾਹੇ ਉਹ ਸਾਹਿੱਤਕਾਰ ਸੋਹਣ ਸਿੰਘ 'ਸੀਤਲ' ਹੋਵੇ ਜਾਂ ਗੁਰਦਿਆਲ ਸਿੰਘ । ਹਾਲਾਂਕਿ ਗੁਰਦਿਆਲ ਸਿੰਘ ਨੂੰ ਪੰਜਾਬ ਸਿਖਿਆ ਵਿਭਾਗ ਨੇ ਸਭ ਤੋਂ ਜ਼ਿਆਦਾ ਵਾਰ ਸਨਮਾਨਿਆਂ ਹੈ ਪਰ ਉਹਦੇ ਬਾਰੇ ਲੇਖ ਲਿਖਣ ਦੀ ਯਾਦ ਸੰਤ ਸਿੰਘ ਸੇਖੋਂ ਨੂੰ ਵੀ ਹੁਣੇ ਆਈ । ਜਦ ਕਿ ਸੇਖੋਂ ਤੇ ਸਦਾ ਹੀ ਨਵੇਂ ਲੇਖਕਾਂ ਪ੍ਰਤੀ ਪੱਖਪਾਤੀ ਹੋਣਦਾ ਇਲਜ਼ਾਮ ਲਗਦਾ ਆਇਆ ਹੈ । ਪੰਜਾਬੀ ਬਾਰੇ ਅਜੇ ਵੀ ਡਾ:ਹਰਭਜਨ ਸਿੰਘ ਦਾ ਵਿਚਾਰ ਹੈ ਕਿ ਇਹ "ਨਾਨਕ ਸਿੰਘ ਤੋਂ ਅੱਗੇ ਨਹੀਂ ਵਧਿਆ।"

ਇਸ ਸੰਦਰਭ ਵਿਚ ਭਲੀਭਾਂਤ ਇਹ ਕਿਹਾ ਜਾ ਸਕਦਾ ਹੈ ਕਿ ਵਲੈਤ ਦੇ ਸਾਹਿੱਤ ਬਾਰੇ ਆਲੋਚਕਾਂ ਦੀ ਬੇਧਿਆਨੀ ਕੋਈ ਅਚੰਭੇ ਵਾਲੀ ਗੱਲ ਨਹੀਂ । ਕਈ ਵਾਰ ਇਹ ਵੀ ਉਲਾਹਨਾ ਲਾਇਆ ਜਾਂਦਾ ਹੈ ਕਿ ਇਸ ਸਾਹਿੱਤ ਵਿਚ ਵਲੈਤ ਦੀ ਗੱਲ ਘਟ ਅਤੇ ਪੰਜਾਬ ਦਾ ਜ਼ਿਕਰ ਬਹੁਤਾ ਹੁੰਦਾ ਹੈ । ਉਹਨਾਂ ਨੂੰ ਕੋਈ ਪੁਛੇ ਕਿ ਇਹ ਦੋਸ਼ ਕਿਵੇਂ ਬਣ ਗਿਆ? ਪਰ ਉਹ ਵੀ ਵਿਚਾਰੇ ਅੰਗਰੇਜ਼ੀ ਅਖਬਾਰਾਂ ਵਿਚੋਂ ਚਸਕਿਆਂ ਵਾਲੀਆਂ ਖਬਰਾਂ ਦੀਆਂ ਨਕਲਾਂ ਹੀ ਪੜ੍ਹ ਕੇ ਖੁਸ਼ ਰਹਿਣਾ ਚਾਹੁੰਦੇ ਹਨ । ਇਕ ਪਾਸੇ ਤਾਂ ਆਰਸੀ ਵਿਚਲੇ ਮਹਿੰਦਰ ਜਾਂਗਲੀ ਦੇ ਲੇਖਾਂ ਦੀ ਉਹ ਸਲਾਹੁਤਾ ਕਰਨਗੇ ਪਰ ਜਦ ਵਿਅੰਗਕਾਰ ਅਤੇ ਹਾਸ ਰਸ ਲਿਖਾਰੀਆਂ ਦਾ ਜ਼ਿਕਰ ਹੋਵੇਗਾ ਤਾਂ ਜਾਂਗਲੀ ਦਾ ਨਾਮ ਗਾਇਬ ਹੋਵੇਗਾ । ਏਸੇ ਤਰ੍ਹਾਂ ਰਘੁਬੀਰ ਢੰਡ ਨੂੰ ਸਿਖਿਆ ਵਿਭਾਗ ਤਾਂ ਇਨਾਮ ਦੇ ਯੋਗ ਮੰਨਣ ਲਈ ਤਿਆਰ ਹੈ ਪਰ ਨਵੇਂ ਕਹਾਣੀਕਾਰਾਂ ਦੀ ਲਿਸਟ ਵਿਚ ਉਹਦਾ ਨਾਂ ਗੈਰ ਹਾਜ਼ਰ ਹੋਵੇਗਾ । ਕੈਲਾਸ਼ਪੁਰੀ ਲਗਾਤਾਰ ਵੀਹ ਸਾਲਾਂ ਤੋਂ ਕਵਿਤਾ ਅਤੇ ਕਹਾਣੀ ਲਿਖਦੀ ਆ ਰਹੀ ਹੈ, ਪਰ ਜੇ ਉਹਦਾ ਚਰਚਾ ਕਰਨਗੇ ਤਾਂ ਸਿਰਫ 'ਸੇਜ-ਉਲਝਣਾਂ' ਵਾਲੀ ਕਹਿ ਕੇ । ਇਸ ਲਈ ਉਹਨਾਂ ਨੂੰ ਦੌਧਰੀਏ ਦੀ ਸਿੱਧੀ ਸਪਸ਼ਟ ਕਵਿਤਾ ਦਾ ਵਿਲੱਖਣ ਰੂਪ ਪਸੰਦ ਨਹੀਂ ਆਉਂਦਾ ।

ਦੌਧਰੀਏ ਦੀ ਕਵਿਤਾ ਇਕ ਨਿੱਕੇ ਦੁਆਲੇ ਘੁੰਮਦੀ ਹੈ ਜਿਸ ਨੂੰ ਸਿਆਸੀ ਚੇਤਨਤਾ ਦੀ ਪਾਣ ਚੜ੍ਹੀ ਹੋਈ ਹੈ । ਉਹਨੂੰ ਰੂਪਵਾਦੀ, ਸੋਹਜਵਾਦੀ, ਪ੍ਰਯੋਗਵਾਦੀ, ਸਰੰਚਨਾਵਾਦੀ ਜਾਂ ਹੋਰ ਊਲ ਜਲੂਲ ਵਾਦੀਆਂ ਵਲ ਝਾਕਣ ਦੀ ਆਦਤ ਨਹੀਂ । ਉਹ ਕਵਿਤਾ ਰਾਹੀਂ ਆਪਣੇ ਦਿਮਾਗੀ ਕੀੜੇ ਨੂੰ ਬਾਹਰ ਕਢਣਾ ਚਾਹੁੰਦਾ ਹੈ । ਇਸ ਕੰਮ ਲਈ ਉਹ ਭਾਂਤ ਭਾਂਤ ਦੇ ਰੰਗ ਨਹੀਂ ਵਰਤਦਾ । ਆਸਮਾਨ ਤੇ ਉਡਾਰੀਆਂ ਨਹੀਂ ਲਾਉਂਦਾ ਤੇ ਤਾਰੇ ਨਹੀਂ ਤੋੜਕੇ ਲਿਆਉਂਦਾ । ਉਹ ਤਾਂ ਸਿਰਫ ਅੱਖਾਂ ਸਾਹਮਣੇ ਵਾਪਰ ਰਹੀਆਂ ਘਟਨਾਵਾਂ ਨੂੰ ਪ੍ਰਤਿਬਿੰਬ ਕਰਦਾ ਹੈ : ਚਾਹੇ ਉਹ ਨਸਲਵਾਦੀ ਵਿਤਕਰੇ ਦਾ ਜ਼ਿਕਰ ਕਰੇ, ਚਾਹੇ ਫੈਕਟਰੀ 'ਚ ਫੋਰਮੈਨ ਦੀ ਕੋਝੀ ਅਕੜ ਦਾ ਜਾਂ ਪੈਂਤੀ ਸਾਲੀ ਚਿੱਠੀ ਵਿਚਲੇ ਛਲ ਕਪਟ ਅਤੇ ਉਦਾਸੀ ਦਾ; ਉਹਦਾ ਧਿਆਨ ਇਹਦੀ ਡੂੰਘਾਈ ਵਿਚ ਲੁਕੀ ਜਮਾਤੀ ਵੰਡ ਅਤੇ ਪੂੰਜੀਵਾਦ ਦੇ ਕੋਹੜ ਤੋਂ ਪਰ੍ਹੇ ਨਹੀਂ ਹਟਦਾ ।

ਉਹਦੀ ਚੇਤਨਤਾ ਵਿਚ ਕਿਤੇ ਨਾ ਕਿਤੇ ਬਾਵਾ ਬਲਵੰਤ ਦੇ ਇਸ ਸ਼ਿਅਰ ਦੀ ਛਾਂ ਵੀ ਹੈ ਕਿ—

ਲੁਟੇਰੇ ਬਦਲ ਕੇ ਆਏ ਨੇ ਹੁਣ ਪਹਿਲੇ ਲਿਬਾਸ ਆਪਣੇ
ਕਲਮ ਦੀ ਸ਼ਕਲ ਵਿਚ ਰਖਦੇ ਨੇ ਹੁਣ ਤਲਵਾਰ ਪਾਸ ਆਪਣੇ।

ਏਸੇ ਕਾਰਨ ਉਹ ਘੜੀ ਮੁੜੀ ਲੇਖਕਾਂ ਨੂੰ ਹੱਥੀਂ ਪੈਂਦਾ ਹੈ। ਉਹ ਗੱਲ ਕਰਦਾ ਹੋਇਆ ਮੁੜਕੇ ਏਸੇ ਗੱਲ ਤੇ ਆ ਜਾਂਦਾ ਹੈ ਕਿ—"ਅਸੀਂ ਜਮਾਤੀ ਘਟਾ ਹੂੰਝ ਸਕੀਏ।" ਏਸੇ ਵਿਸ਼ੇ ਤੇ ਉਹਨੇ "ਨਵੇਂ ਸ਼ਬਦ" ਦਿਓ ਉਤਰ, ਪੜਚੋਲ, ਸੱਭੇ ਥਾਂਈਂ ਸਿਆਸਤ ਹੈ, ਸਮਕਾਲੀ ਅਦੀਬਾਂ ਨੂੰ ਆਦਿ ਕਈ ਕਵਿਤਾਵਾਂ ਲਿਖੀਆਂ ਹਨ ਅਤੇ ਜਦੋਂ ਉਹ ਕਹਿੰਦਾ ਹੈ—

"ਬਿਨ ਭਾਗ ਲਿਆਂ
ਲਿਖਣ ਦਾ ਕੀ ਲਾਭ?" ਜਾਂ
"ਇਹ ਨਾ ਹੋਵੇ ਕਿ ਜੁੜਕੇ ਟੁਟਣਾ ਪਵੇ
ਲਿਖਕੇ ਕੱਟਣਾ ਪਵੇ ਤੇ ਥੁੱਕ ਕੇ ਚਟਣਾ ਪਵੇ।"

ਤਾਂ ਐਮਰਜੈਂਸੀ ਤੋਂ ਬਾਅਦ ਸਟੇਜਾਂ ਤੇ ਕਵਿਤਾ ਪੜ੍ਹਨ ਤੋਂ ਪਹਿਲਾਂ ਹੋਕਾ ਦਿੰਦੇ ਕਵੀਆਂ ਦੀ ਅਕਲ ਤੇ ਰੋਣਾ ਅਤੇ ਚਾਲਾਕੀ ਤੇ ਤਰਸ ਆਉਂਦਾ ਹੈ ਕਿ—"ਇਹ ਕਵਿਤਾ ਮੈਂ ਐਮਰਜੈਂਸੀ ਵੇਲੇ ਲਿਖੀ ਸੀ" ਦੀ ਯਾਦ ਆਉਂਦੀ ਹੈ। ਮੋਹਣ ਸਿੰਘ ਜਹੇ ਪ੍ਰੌਢ ਕਵੀ ਨੇ ਵੀ ਪੰਦਰਾਂ ਵੀਹ ਸਾਲ ਪਹਿਲਾਂ ਜਦੋਂ ਨਾਹਰੇ ਲਾਉਣੇ ਸ਼ੁਰੂ ਕਰ ਦਿੱਤੇ ਕਿ

"ਭੋਂ ਦੇ ਪੁਤਰ ਭੋਂ ਦੇ ਮਾਲਕ ਬਣ ਗਏ
ਭੋਂ ਦੇ ਦੁਸ਼ਮਣ ਰੱਜ ਕੇ ਹੋਏ ਖੁਆਰ।
ਹੋਇਆ ਸਰਮਾਏ ਦਾ ਮੈਖਾਨਾ ਵੀਰਾਨ
ਉਤਰਿਆ ਜਾਗੀਰਦਾਰੀ ਦਾ ਖ਼ੁਮਾਰ।"

ਤਾਂ ਅੱਖਾਂ ਚੁੰਧਿਆ ਜਾਂਦੀਆਂ ਹਨ ਇਹ ਕਵੀ ਕਿਸ ਦੇਸ਼ ਅਤੇ ਕਿਨ੍ਹਾਂ ਲੋਕਾਂ ਦੀ ਗੱਲ ਕਰ ਰਿਹਾ ਹੈ?

ਮੈਂ ਚੌਧਰੀਏ ਦੀ ਇਸ ਗੱਲ ਨਾਲ ਸਹਿਮਤ ਨਹੀਂ ਕਿ ਸਾਹਿੱਤ ਬੂੰਦੀ ਚੂਰ ਦਾ ਲੱਡੂ ਹੈ ਜਿਹੜਾ ਪਹਿਲੀ ਨਜ਼ਰੇ ਹੀ ਪਛਾਣ ਵਿਚ ਵੀ ਆ ਜਾਵੇ ਅਤੇ ਸੁਆਦ ਦਾ ਵੀ ਪਤਾ ਲਗ ਜਾਵੇ। ਸੰਸਾਰ ਦਾ ਵਿਸ਼ੇਸ਼ ਉਚ ਪੱਧਰ ਦਾ ਸਾਹਿਤ ਸਾਧਾਰਣ ਪਾਠਕ ਦੀ ਪਕੜ ਵਿਚ ਸਹਿਜੇ ਨਹੀਂ ਆਉਂਦਾ। ਕਦੇ ਲੇਖਕ ਦਾ ਜੀਵਨ ਅਨੁਭਵ ਪਾਠਕ ਤੋਂ ਵੱਖਰਾ ਹੁੰਦਾ ਹੈ ਅਤੇ ਕਈ ਵੇਰ ਬੌਧਕ ਪੱਖੋਂ ਇਹ ਪਾੜਾ ਬਹੁਤ ਵੱਧ ਹੁੰਦਾ ਹੈ। ਜਦੋਂ ਕਿਸੇ ਨੇ 'ਸਰੂ ਕੱਦ' 'ਹਰਨੀਆਂ ਜਹੀਆਂ ਅੱਖਾਂ' 'ਅਨਾਰ ਦੇ ਦਾਣਿਆਂ ਜਹੇ ਦੰਦ' ਦਾ ਜ਼ਿਕਰ ਚਲਾਇਆ ਹੋਵੇਗਾ, ਸਾਧਾਰਣ ਪਾਠਕ ਅਵੱਸ਼ ਹੀ ਤੰਗ ਆਏ ਹੋਣਗੇ ਪਰ ਸਮਾਂ ਗਾਲਬ ਜਾਂ ਬਲੇਕ ਦੀ ਕਵਿਤਾ ਵਾਂਗ ਆਪਣੇ ਆਪ ਮੁਸ਼ਕਲਾਂ ਸੁਲਝਾ ਦਿੰਦਾ ਹੈ।

ਕਿਉਂਕਿ ਚੌਧਰੀਏ ਦੀ ਕਵਿਤਾ ਸ਼ੌਕ ਦੀ ਕਵਿਤਾ ਨਹੀਂ, ਜ਼ਿੰਦਗੀ ਦੀ ਕਵਿਤਾ ਹੈ—ਜ਼ਿੰਦਗੀ ਜਿਹੜੀ ਕਿ ਪਹਾੜੀ ਨਦੀ ਵਾਂਗ ਉੱਚੇ ਨੀਵੇਂ ਪੱਥਰਾਂ ਵਿਚੋਂ ਲੰਘਦੀ ਹੈ। ਇਸੇ ਕਾਰਨ ਹੀ ਉਹਦੀ ਕਵਿਤਾ ਉਂਗਲਾਂ ਨਾਲ ਮਿਣਕੇ ਨਹੀਂ ਰਚੀ ਗਈ। ਅਜ ਦੇ ਬਹੁਤ ਸਾਰੇ ਸਿਕੰਦਰ ਪੜਚੋਲੀਆਂ ਨੇ ਆਪਣੇ ਦਿਲਾਂ ਅੰਦਰ ਘਟੀਆਪਨ ਦੇ ਅਹਿਸਾਸ ਥੱਲੇ ਪੰਜਾਬੀ ਕਵਿਤਾ ਦੇ ਮੱਥੇ ਤੇ "ਕੁੱਝ ਨਹੀਂ" ਦਾ ਠੱਪਾ ਲਾ ਰੱਖਿਆ ਹੈ। ਜੇ ਉਹ ਅੰਮ੍ਰਿਤਾ ਪਰੀਤਮ ਦੀ ਗੱਲ ਕਰਨਗੇ ਤਾਂ "ਅੱਜ ਆਖਾਂ ਵਾਰਸ ਸ਼ਾਹ ਨੂੰ" ਤੋਂ ਤੁਰਕੇ 'ਸੁਨੇਹੜੇ' ਜਾਂ 'ਅਸ਼ੋਕਾ ਚੇਤੀ' ਤਕ ਬੱਸ ਕਰ ਜਾਣਗੇ। ਉਹਦੀ ਪਿਛਲੇ ਚੌਦਾਂ ਪੰਦਰਾਂ ਸਾਲਾਂ ਦੀ ਰਚੀ ਕਵਿਤਾ ਦਾ ਕਿਤੇ ਜ਼ਿਕਰ ਨਹੀਂ ਹੋਵੇਗਾ। ਮੋਹਣ ਸਿੰਘ ਪਿਛਲੇ ਚੌਦਾਂ ਪੰਦਰਾਂ ਸਾਲਾਂ ਦੀ ਕਵਿਤਾ ਅਣਗੌਲੀ ਪਈ ਹੈ। ਸੰਤੋਖ ਸਿੰਘ ਧੀਰ ਦੇ "ਅੱਗ ਦੇ ਪੱਤ੍ਰਿਆਂ" ਨੂੰ ਕੋਈ ਹੱਥ ਨਹੀਂ ਪਾਉਂਦਾ। ਕਦੇ ਗੁਰਚਰਨ ਰਾਮਪੁਰੀ ਦੇ ਗੀਤ ਗਲੀ ਗਲੀ ਗੂੰਜਦੇ ਸਨ ਪਰ ਉਹਦੀ ਅੰਨ੍ਹੀ ਗਲੀ ਦਾ ਕੋਈ ਥਹੁ ਨਿਸ਼ਾਨ ਨਹੀਂ ਮਿਲਦਾ। ਏਸੇ ਤਰ੍ਹਾਂ ਅਜ ਦੀ ਬਹੁਤ ਸਾਰੀ ਕਵਿਤਾ ਨੂੰ ਨਕਸਲਵਾਦੀ, ਸੁਧਾਰਵਾਦੀ ਜਾਂ ਪਰਚਾਰਵਾਦੀ ਕਵਿਤਾ ਆਖਕੇ ਭੰਡਿਆ ਜਾਂਦਾ ਹੈ। ਚੌਧਰੀਏ ਦੀ ਕਵਿਤਾ ਉੱਤੇ ਵੀ ਨਾਹਰੇਬਾਜ਼ੀ ਦਾ ਇਲਜ਼ਾਮ ਲਗਦਾ ਹੈ ਪਰ ਸਾਹਿੱਤਕਾਰ ਨੇ ਕਦੇ ਵੀ ਇਸ ਇਲਜ਼ਾਮ ਦੀ ਪ੍ਰਵਾਹ ਨਹੀਂ ਕੀਤੀ। ਨਾਹਰੇਬਾਜ਼ੀ ਸਦਾ ਹੀ ਪੰਜਾਬੀ ਸਾਹਿਤ ਵਿਚ ਪਰਧਾਨ ਰਹੀ ਹੈ। ਜਿਸ ਸਮੇਂ ਭਾਰਤ ਵਿਚ ਲੁੱਟ ਮਾਰ ਹੋ ਰਹੀ ਸੀ, ਕਤਲ ਹੋ ਰਹੇ ਸਨ, ਉਸ ਵੇਲੇ ਵੀ ਪੰਜਾਬੀ ਕਵਿਤਾ ਵਿਚ ਹਿੰਮਤ ਸੀ ਕਿ ਇਕ ਧਿਰ ਨੂੰ "ਪਾਪ ਦੀ ਜੰਞ" ਕਹਿ ਕੇ ਲਲਕਾਰ ਸਕੇ ਅਤੇ ਦੂਜੀ ਕਮਜ਼ੋਰ ਧਿਰ ਨੂੰ "ਜਗਤ ਜਲੰਦਾ" ਕਹਿ ਸਕੇ। ਪਰਚਾਰਵਾਦ ਅਤੇ ਨਾਹਰੇਬਾਜ਼ੀ ਵਾਰਸ ਅਤੇ ਹਾਸ਼ਿਮ ਵਿਚ ਵੀ ਹੈ ਅਤੇ ਭਾਈ ਵੀਰ ਸਿੰਘ ਵਿਚ ਵੀ। ਮੋਹਨ ਸਿੰਘ ਅਤੇ ਅੰਮ੍ਰਿਤਾ ਪਰੀਤਮ ਲਈ ਇਹ ਕੋਈ ਅਜਨਬੀ ਗੱਲ ਨਹੀਂ। ਪਰੀਤਮ ਸਿੰਘ ਸਹਿਰਾਈ ਦੀ "ਜ਼ਿਲ੍ਹਾਂਵਾਲਾ ਦੀ ਵਾਰ", ਜੋਸ਼ਾ ਸਿੰਘ ਚੰਨ ਦੀ "ਭਾਰਤ ਮਾਂ" ਗੁਰਚਰਨ ਰਾਮਪੁਰੀ ਦਾ "ਬਾਗੀਆਂ ਦਾ ਗੀਤ", ਮੋਹਨ ਸਿੰਘ ਦਾ "ਮੰਗਲੀ" "ਕ੍ਰਾਂਤੀ" "ਗੱਜਣ ਸਿੰਘ", ਬਾਵਾ ਬਲਵੰਤ ਦੀ "ਸਮਾਜਵਾਦ" ਅਤੇ ਹੋਰ ਅਨੇਕਾਂ ਕਵਿਤਾਵਾਂ ਹਰ ਸਮੇਂ ਰਚੀਆਂ ਗਈਆਂ ਹਨ। ਏਥੋਂ ਤਕ ਕਿ ਅਧਿਆਤਮਵਾਦੀ ਪਰੀਤਮ ਸਿੰਘ ਸਫੀਰ ਵੀ ਇਹ ਲਿਖ ਸਕਦਾ ਹੈ—

"ਟੁਟ ਜਾਵਣ ਕੋਹਾਂ ਹਦਬੰਦੀਆਂ
ਵੰਡ ਰਹੇ ਨਾ ਕਾਈ
ਹਰ ਇਕ ਬੰਦਾ ਸ਼ਾਹ ਦੁਨੀਆ ਦਾ
ਹਰ ਇਕ ਤੀਵੀਂ ਰਾਣੀ।"

ਪਰਚਾਰਵਾਦ ਅਤੇ ਨਾਹਰੇਬਾਜ਼ੀ ਕੇਵਲ ਉਹਨਾਂ ਨੂੰ ਔਖਿਆਂ ਕਰਦੀ ਹੈ ਜਿਹੜੇ ਆਲੋਚਕਾਂ ਨੇ ਪਖਪਾਤ-ਰਹਿਤ-ਹੋਣ ਦਾ ਬੁਰਕਾ ਪਾ ਕੇ, ਆਪਣੇ ਦਿਲ ਨਾ ਲਗਦੀ ਸਾਹਿਤਕ ਰਚਨਾ ਨੂੰ ਨਿੰਦਣਾ ਹੋਵੇ। ਉਹ ਮੰਨਣ ਲਈ ਤਿਆਰ ਨਹੀਂ ਕਿ ਸਾਹਿਤਕਾਰ ਆਪਣੀ ਅਨੁਭਵ-ਵਸਤੂ ਨੂੰ ਰਚਨਾ ਰਾਹੀਂ ਗ੍ਰਹਿਣ ਵੀ ਕਰਦਾ ਹੈ ਅਤੇ ਲੋਕਾਂ ਸਾਹਮਣੇ ਰੂਪਮਾਨ ਵੀ ਕਰਦਾ ਹੈ। ਹਰਜੀਤ ਚੌਧਰੀਏ ਦੀ "ਵਤਨ ਫੇਰੀ" ਉਹਨਾਂ ਲੋਕਾਂ ਨੂੰ ਕਿਵੇਂ ਚੰਗੀ ਲਗ ਸਕਦੀ ਹੈ ਜਿਹਨਾਂ ਨੇ ਪੌਂਡਾਂ ਨਾਲ ਜੇਬਾਂ ਭਰਕੇ, ਪੰਜਾਬ ਅਤੇ ਦਿੱਲੀ ਕਾਰਾਂ 'ਚ ਬਹਿ ਕੇ ਘੁੰਮੇ ਹੋਣ ਅਤੇ ਬਹੁਮੰਜ਼ਲੇ ਹੋਟਲਾਂ ਵਿਚ ਰਾਤਾਂ ਗੁਜ਼ਾਰਕੇ ਆ ਗਏ ਹੋਣ। ਉਹ ਕੀ ਜਾਨਣ ਜਦ ਚੌਧਰੀਆ ਕਹਿੰਦਾ ਹੈ—"ਸਾਂਝ ਤੇ ਭਾਈਚਾਰਾ ਟੁਟ ਰਿਹਾ ਹੈ" ਤਾਂ ਇਹਦੇ ਕੀ ਅਰਥ ਹਨ। ਉਹ ਕੀ →

# ਕਾਲੇ ਪਹਿਰ

ਲੇਖਕ : ਮੁਖਤਾਰ ਗਿੱਲ
ਸਫ਼ੇ : 80
ਪ੍ਰਕਾਸ਼ਕ: ਸ੍ਰਦਾਰ ਗੁਰਸ਼ਰਨ ਸਿੰਘ ਅੰਮ੍ਰਿਤਸਰ

ਮੁਖਤਾਰ ਗਿੱਲ ਦਾ ਨਵਾਂ ਨਾਵਲ "ਕਾਲੇ ਪਹਿਰ", ਅੱਠਾਂ ਪਹਿਰਾਂ ਵਿਚ ਵੰਡਿਆ ਹੋਇਆ ਹੈ। ਇਸ ਤੋਂ ਪਹਿਲਾਂ ਵੀ ਲੇਖਕ ਦੀਆਂ ਹੋਰ ਪੁਸਤਕਾਂ (ਨਾਵਲ ਤੇ ਕਹਾਣੀ ਸੰਗ੍ਰਹਿ) ਛਪ ਚੁੱਕੀਆਂ ਹਨ। ਇਹ ਨਾਵਲ ਨੀਵੇਂ ਮੱਧ ਵਰਗ ਦਾ ਜੀਵਨ ਅਲਾਪਦਾ ਹੈ। ਲੇਖਕ ਦੇ ਚਿੱਤਰੇ ਦ੍ਰਿਸ਼, ਯਥਾਰਥ ਦੇ ਬਹੁਤ ਨਜ਼ਦੀਕ ਹੋਣ ਕਰਕੇ ਬੜੇ ਰੌਚਕ ਹਨ।

ਇਸ ਦੇ ਪਾਤਰ ਕੋਈ ਸੁਪਨਮਈ ਨਹੀਂ, ਸਗੋਂ ਉਹ ਲੋਕ ਹਨ ਜਿਨ੍ਹਾਂ ਨੂੰ ਹਰ ਸਮੇਂ ਜੀਵਨ ਨਾਲ ਜੂਝਦੇ ਦੇਖ ਸਕਦੇ ਹਾਂ। ਲੋੜਾਂ ਤੇ ਥੁੜਾਂ ਵਾਲੇ..... ਜੁੱਤੀਆਂ ਪਾਲਿਸ਼ ਕਰਨ ਵਾਲੇ ਮੁੰਡਿਆਂ ਤੋਂ ਲੈ ਕੇ 'ਸ਼ੀਅ..... ਕਰਕੇ ਚੁੱਪ ਰਹਿਣ ਨੂੰ ਕਹਿਣ' ਵਾਲੇ ਅਹੁਦੇਦਾਰਾਂ ਤੱਕ —— ਸਮੇਂ ਨਾਲ ਸਮਝੌਤਾ ਕਰਕੇ ਜਿਉਣ ਵਾਲੇ ਅਤੇ ਬਗਾਵਤੀ -----।

ਇਸ ਵਿਸ਼ੇ ਉੱਪਰ ਭਾਵੇਂ ਪਹਿਲਾਂ ਵੀ ਕਈ ਕਹਾਣੀਆਂ ਲਿਖੀਆਂ ਜਾ ਚੁੱਕੀਆਂ ਹਨ। ਇਹ ਨਾਵਲ ਵੀ ਇਕ ਲੰਮੀ ਕਹਾਣੀ ਹੀ ਹੈ। ਪਰ ਇਸ ਵਿਚ ਅਜ਼ਾਦੀ ਦੇ ਘੁਲਾਟੀਏ ਦਾ ਜੀਵਨ ਬ੍ਰਿਤਾਂਤ ਜਿਸ ਸਫਲਤਾ ਨਾਲ ਉਲੀਕਿਆ ਗਿਆ ਹੈ, ਸ਼ਾਇਦ ਹੀ ਇਸ ਦੀ ਮਿਸਾਲ ਹੋਰ ਕਿਧਰੇ ਮਿਲੇ।
"ਉਨ੍ਹਾਂ ਕੋਲ ਕੀਮਤੀ ਸ਼ੈਅ ਸੀ "ਤਾਮਰ ਪੱਤਰ" ਜਿਹੜੀ ਸਭ ਕਰਜ਼ੇ, ਲੋੜਾਂ, ਥੁੜਾਂ ਪੂਰੀਆਂ ਕਰੇਗੀ।" (ਸਫ਼ਾ 68)

ਪਰ ਅਜ਼ਾਦੀ ਦਾ ਉਹ ਝੰਡਾ ਬਰਦਾਰ ਇਕ ਸਰਦ ਰੁੱਤੇ ਉਸ ਪਾਰਕ ਵਿਚ ਠੰਡ ਨਾਲ ਮਰ ਗਿਆ ਜਿਥੇ ਇਕ ਨੇਤਾ ਦਾ ਬੁੱਤ ਲੱਗਾ ਹੋਇਆ ਸੀ।
ਕਈ ਥਾਂ ਘਟਨਾਂ ਨੂੰ ਰੂ-ਬ-ਰੂ ਚਿੱਤਰਿਆ ਗਿਆ ਹੈ ਅਤੇ ਕਦੀ ਕਦੀ ਇਹ ਪ੍ਰਭਾਵ ਪੈਂਦਾ ਹੈ ਜਿਵੇਂ ਨਾਵਲ ਜਲਦੀ ਵਿਚ ਲਿਖਿਆ ਗਿਆ ਹੋਵੇ। ਪਰ ਇਸ ਦਾ ਮਜ਼ਬੂਤ ਵਿਸ਼ਾ ਤੇ ਚੁਸਤ ਸ਼ਬਦਾਵਲੀ ਇਹ ਪ੍ਰਭਾਵ ਨਹੀਂ ਪੈਣ ਦਿੰਦੇ।

ਆਪਣੇ ਨਾਵਲ 'ਮਿੱਟੀ ਦੀ ਚਿੜੀ' ਤੋਂ "ਕਾਲੇ ਪਹਿਰ" ਤੱਕ ਮੁਖਤਾਰ ਗਿੱਲ ਇਕ ਲੰਮਾ ਸਫਰ ਤਹਿ ਕਰ ਚੁੱਕਿਆ ਹੈ। ਭਵਿੱਖ ਵਿਚ ਅਸੀਂ ਮੁਖਤਾਰ ਗਿੱਲ ਪਾਸੋਂ ਹੋਰ ਵੀ ਨਰੋਈਆਂ ਤੇ ਯਥਾਰਥਵਾਦੀ ਰਚਨਾਵਾਂ ਦੀ ਆਸ ਰੱਖ ਸਕਦੇ ਹਾਂ, ਜਿਨ੍ਹਾਂ ਨੂੰ ਉਹ ਪ੍ਰੀਮਣ-ਪੇਰ ਫਿਰਕੇਬਾਜ਼ੀ ਤੋਂ ਰਹਿਤ, ਸਰਲ ਵਾਰਤਕ ਵਿਚ ਲਿਖ ਕੇ ਪਾਠਕਾਂ ਦੇ ਹੋਰ ਵੀ ਨੇੜੇ ਹੋਣ ਦਾ ਯਤਨ ਕਰੇਗਾ।

---

→ ਜਾਣ ਸਕਦੇ ਹਨ ਕਿ "ਮਲਕਾ ਦੇ ਬੁੱਤ ਦੀ ਥਾਂ ਸੂਬੇਦਾਰ ਨੇ ਮੱਲੀ" ਪਿੱਛੇ ਕੀ ਬਹੁਅਰਥਾ ਇਤਿਹਾਸ ਲੁਕਿਆ ਪਿਆ ਹੈ— ਲੁੱਟ ਖਸੁਟ ਦਾ ਇਤਿਹਾਸ, ਭੁੱਖ ਤੋਂ ਧਿਆਨ ਪਰ੍ਹੇ ਕਰਨ ਲਈ ਜੰਗਾਂ 'ਚ ਅਜਾਈਂ ਡੁਲ੍ਹੇ ਖੂਨ ਦਾ ਇਤਿਹਾਸ।

ਏਸੇ ਤਰ੍ਹਾਂ "ਧੀਆਂ ਭਾਰਤ ਮਾਂ ਦੀਆਂ" ਇਕ ਹੋਰ ਬਹੁਅਰਥੀ ਕਵਿਤਾ ਹੈ ਜਿਸਦਾ ਵਿਸ਼ਾ ਪੁਰਾਣਾ ਹੈ ਪਰ ਚੌਧਰੀਏ ਨੇ 'ਸਾਹਿਰ' ਜਾਂ ਬਿਸ਼ਨ ਸਿੰਘ ਉਪਾਸ਼ਕ ਤੋਂ ਉਲਟ ਤਰਸ ਰਹਿਤ ਭਾਵਨਾ ਦਾ ਪ੍ਰਗਟਾ ਕੀਤਾ ਹੈ। ਆਜ਼ਾਦ ਭਾਰਤ ਵਿਚ ਪੂੰਜੀਵਾਦ ਦੇ ਕੋਹੜ ਨਾਲ ਭਰਿਸ਼ਟ ਹੋਈ ਸਮਾਜਕ ਸਥਿਤੀ ਨੂੰ ਉਹ ਹਰ ਪਾਸੇ ਫੈਲੀ ਭੁੱਖਮਰੀ ਅਤੇ ਕਰਮਹੀਣਤਾ ਨਾਲ ਜੋੜਨ ਵਿਚ ਸਫਲ ਰਿਹਾ ਹੈ।

ਅੰਤ ਵਿਚ ਮੈਂ ਚੌਧਰੀਏ ਨੂੰ ਸਲਾਹ ਦੇਣੀ ਵੀ ਆਪਣਾ ਕਰਤੱਵ ਸਮਝਦਾ ਹਾਂ ਕਿ ਜਿੰਨੇ ਖੂਬਸੂਰਤ ਉਸ ਨੇ ਬਿੰਬ ਵਰਤੇ ਹਨ, ਉਨੇ ਸੋਹਣੇ ਵਿਸ਼ੇ ਨਹੀਂ ਤਲਾਸ਼ ਕੀਤੇ। ਸ਼ਬਦਾਂ ਦੀਆਂ ਬਹੁਕਰਾਂ, ਸ਼ਬਦ-ਘੱਟਾ, ਲੱਚਰ ਨਿੰਬਾਂ, ਸੈਨਤਾਂ ਦੇ ਜ਼ਾਵੀਏ, ਕਾਠੀਆਂ ਤਲੀਆਂ, ਗਿੱਲੇ ਮੁਰਦਾਂ ਦੇ ਸਿਰ, ਠੰਡੀ ਕਸ਼ਮਕਸ਼, ਬੱਗੜ-ਵਾਂ, ਕੁੱਤਾ-ਹਾਸਾ, ਜੀਭਾਂ ਦੇ ਭੇੜ, ਤਲਖੀਆਂ ਦੀ ਵਾੜ, ਆਦਿ ਬੇਅੰਤ ਦਿਲਕਸ਼ ਬਿੰਬ ਹਨ ਪਰ ਇਕ ਹੀ ਵਿਸ਼ੇ ਨੂੰ ਦੁਹਰਾਣਾ ਚੰਗੀ ਆਦਤ ਨਹੀਂ। ਏਸੇ ਤਰ੍ਹਾਂ "ਉਹ ਵੀ ਦਿਨ ਸਨ" ਜਹੀਆਂ ਇਕ ਦੋ ਹੋਰ ਕਵਿਤਾਵਾਂ ਕਾਵਿ ਪੱਖੋਂ ਬਹੁਤ ਊਣੀਆਂ ਰਹਿ ਗਈਆਂ ਹਨ। ਕਈ ਹੋਰ ਵੀ ਕਮਜ਼ੋਰੀਆਂ ਹਨ ਪਰ ਮੈਨੂੰ ਨਿਸ਼ਚਾ ਹੈ ਜੇ ਚੌਧਰੀਆ ਏਸੇ ਤਰ੍ਹਾਂ ਲਿਖਦਾ ਰਿਹਾ ਤਾਂ ਜ਼ਰੂਰ ਨੇੜੇ ਦੇ ਭਵਿਸ਼ ਵਿਚ ਉਹਨਾਂ ਤੇ ਕਾਬੂ ਪਾ ਲਵੇਗਾ ਤੇ ਇਸ ਤੋਂ ਵੀ ਖੂਬਸੂਰਤ ਕਵਿਤਾ ਲਿਖੇਗਾ।

(ਇਹ ਪਰਚਾ ਪ੍ਰਗਤੀਸ਼ੀਲ ਲਿਖਾਰੀ ਸਭਾ ਗਰੇਟ ਬ੍ਰਿਟਿਨ ਦੀ ਰੈਡਿੰਗ ਬਰਾਂਚ ਵਲੋਂ 25 ਨਵੰਬਰ, 1978 ਨੂੰ ਕਰਵਾਏ ਗਏ ਇਕ ਸਮਾਗਮ ਵਿਚ ਰੈਡਿੰਗ ਵਿਖੇ ਪੜ੍ਹਿਆ ਗਿਆ)

# ਰੁੰਨੇ ਹੋਏ ਖੇਤ

— ਬਲਰਾਜ ਸਿੱਧੂ

ਵਿੰਦੀ ਚਾਚੀ ਦੀ ਜਿਵੇਂ ਜਿਵੇਂ ਅਰਥੀ ਦੂਰ ਜਾ ਰਹੀ ਸੀ ਚਾਚੇ ਬਿਸ਼ਨੇ ਦੀਆਂ ਲੱਤਾਂ ਜਿਵੇਂ ਜਵਾਬ ਜਿਹਾ ਦੇਈ ਜਾ ਰਹੀਆਂ ਸਨ। ਤੀਲੀ ਨੂੰ ਬਾਲਦੇ ਸਮੇਂ ਉਹ ਦਾ ਦਿਲ ਕੀਤਾ ਜਿਵੇਂ ਚਾਚੀ ਨੂੰ ਕਹੇ ਵਿੰਦੀਏ ਚੱਲ ਇਕ ਵਾਰ ਉੱਠ ਖੜ੍ਹ, ਕਾਹਨੂੰ ਜਿਉਂਦੇ ਨੂੰ ਮਾਰ ਚੱਲੀ ਏਂ, ਕੀਹਦੇ ਸਹਾਰੇ ਕੱਟੂੰਗਾ ਬੁਢਾਪਾ। ਉਦੋਂ ਜਦੋਂ ਸਰੋਂ ਤੁੱਲਾ ਧੂੰਆਂ ਦੇਂਦੀਆਂ ਲਿਸ਼ਕਾਉਂਦਾ ਅਸਮਾਨ ਵੱਲ ਵਧਦਾ ਜਾ ਰਿਹਾ ਸੀ ਤਾਂ ਚਾਚੇ ਦੀਆਂ ਐਨਕਾਂ ਲੱਗੀਆਂ ਅੱਖਾਂ ਚੋਂ ਗਾੜ੍ਹੇ ੨ ਤੁਪਕੇ ਸਫ਼ੈਦ ਦਾੜ੍ਹੀ ਚੋਂ ਤਿਲਕਦੇ ਦੇਖ ਸਭ ਨੂੰ ਉਹਦੀ ਹਾਲਤ ਤਰਸਯੋਗ ਲੱਗੀ। ਵਿਚਾਂ ਵਿਚ ਹੀ ਚਾਚੇ ਨੂੰ ਪਤਾ ਨਹੀਂ ਕੀ ਹੋ ਗਿਆ ਸੀ। ਜਾਂ ਤਾਂ ਉਹ ਸੱਥ 'ਚ ਬੈਠ ਕੇ ਬਾਬੇ ਇੰਦਰ ਤੇ ਮੰਗਲੀ ਦੇ ਗੱਪ ਸੁਣਦਾ ਤੇ ਜਾਂ ਫਿਰ ਪ੍ਰੇਮੀ ਚਾਚੀ ਨੂੰ ਨੇੜੇ ਮੂੰਹ ਆਉਂਦੀ ਦੇਖ ਖੰਘੂਰਾ ਹੀ ਮਾਰਦਾ। ਅੱਗੇ ਜਦੋਂ ਪ੍ਰੇਮੀ ਚਾਚੀ ਨੂੰ ਨੇੜੇ ਮੂੰਹ ਆਉਂਦੀ ਦੇਖ ਲੈਂਦਾ ਤਾਂ ਚਾਚੇ ਨੇ ਖੰਘੂਰਾ ਮਾਰਨਾ ਤਾਂ ਪ੍ਰੇਮੀ ਚਾਚੀ ਨੇ ਫੁੱਟ ਲੈਣਾ ਪੱਲਾ ਸਮਝ ਕੇ ਕਹਿਣਾ "ਭਾਈ ਜੀ ਘਰ ਵੀ ਬੈਠ ਜਾਇਆ ਕਰ। ਮੁੰਡਿਆਂ ਖੁੰਡਿਆਂ ਵਾਂਗੂੰ ਗਲੀਆਂ 'ਚ ਹੀ ਗੇੜੇ ਦਿੰਦਾ ਰਹਿਨੈਂ। ਤੇਰੀ ਤਾਂ ਹੁਣ ਭਜਨ ਬੰਦਗੀ ਵਾਲੀ ਉਮਰ ਆ।"

"ਕਿੰਨਾ ਚਿਰ ਤੇਰੀ ਅੱਡੀ ਘਰੇ ਨਹੀਂ ਲਗਦੀ, ਦੱਸ ਭਾਈ ਜੀ ਭਜਨ ਬੰਦਗੀ ਕਿਵੇਂ ਕਰੇ," ਚਾਚੇ ਦਾ ਮੋੜਵਾਂ ਜਵਾਬ ਸੁਣ ਕੇ ਚਾਚੀ ਨੂੰ ਗੱਲ ਨਾ ਔੜਦੀ ਜਾਂ ਫਿਰ ਪਰੇ ਪਰੇ ਆਉਂਦੀ ਸੈਂਤੋ ਨੈਣ ਦੇ ਚਰੂਰੇ ਵਰਗੇ ਢਿੱਡ ਨੂੰ ਦੇਖਕੇ ਚਾਚਾ ਪਹਿਲਾਂ ਹੀ ਬੋਲ ਪੈਂਦਾ "ਕੀ ਗੱਲ ਐ ਸੈਂਤੋ ਬੜੀ ਦਿਨੋ ਦਿਨ ਫਿੱਸੀ ਹੋਈ ਜਾਂਦੀ ਐਂ, ਕੀ ਖਾਂਦੀ ਹੁੰਦੀ ਏਂ।

ਇਕ ਦਿਨ ਮੈਂ ਖੇਤ ਵੱਲ ਜਾ ਰਿਹਾ ਸਾਂ ਤੇ ਚਾਚਾ ਕਿੱਕਰ ਨਾਲ ਢੋਅ ਲਾਈ ਬੈਠਾ ਸੀ। ਮੇਰਾ ਦਿਲ ਕੀਤਾ ਕਿ ਚਾਚੇ ਦਾ ਪਤਾ ਲਵਾਂ। ਮੈਂ ਉਹਦੇ ਕੋਲ ਜਦ ਗਿਆ ਤਾਂ ਮੈਂ ਦੇਖਿਆ, ਚਾਚਾ ਰੋ ਰਿਹਾ ਸੀ ਤੇ ਮੈਨੂੰ ਦੇਖ ਉਹਨੇ ਗਲ ਵਿਚ ਪਾਏ ਡੱਬੀਆਂ ਜਿਹੇ ਵਾਲੇ ਦੁਪੱਟੇ ਨਾਲ ਅੱਖਾਂ ਪੂੰਝੀਆਂ। "ਸੁਣਾ ਚਾਚਾ ਕੀ ਹਾਲ ਐ, ਛੱਡ ਵੀ ਹੁਣ। ਇਹ ਵੀ ਕਿਸੇ ਦੇ ਵੱਸ ਦੀ ਗੱਲ ਹੈ, ਐਵੇਂ ਸਾਰਾ ਦਿਨ ਉਦਾਸ ਉਦਾਸ ਜਿਹਾ ਰਹਿੰਦਾ ਏਂ। ਐਵੇਂ ਨਾ ਗਮ ਕਰਿਆ ਕਰ— ਹੱਸ ਖੇਡ ਕੇ ਕੱਟ ਇਹ ਜ਼ਿੰਦਗੀ ਦੇ ਜਿਹੜੇ ਰਹਿੰਦੇ ਐ", ਮੈਂ ਸਿਆਣਿਆਂ ਜਿਹਾਂ ਵਾਂਗ ਗੱਲ ਕੀਤੀ।

ਮੇਰੀ ਗੱਲ ਸੁਣ ਕੇ ਜਿਵੇਂ ਚਾਚੇ ਨੂੰ ਲੋੜ੍ਹੇ ਦਾ ਗੁੱਸਾ ਆਇਆ। ਉਹਨੇ ਮੇਰੇ ਵੱਲ ਇਕ ਟੱਕ ਰੋਣੂ ਭਰੀਆਂ ਅੱਖਾਂ ਨਾਲ ਦੋ ਕੁ ਦੇਖਿਆ ਤੇ ਮੈਨੂੰ ਇੰਝ ਲੱਗਿਆ ਜਿਵੇਂ ਮੈਥੋਂ ਕੋਈ ਗੁਸਤਾਖੀ ਹੋ ਗਈ ਹੋਵੇ।

"ਕੀਹਦੇ ਨਾਲ ਹੱਸਾਂ, ਕੀਹਦੇ ਨਾਲ ਖੇਡਾਂ, ਕਿਹੜੇ ਦਿਨ ਕੱਟਾਂ। ਹੋੜਿਆਂ ਚ' ਬੈਠਣ ਨੂੰ ਤੂੰ ਜ਼ਿੰਦਗੀ ਕਹਿਨਾਂ ਏਂ, ਗਾਡਿਆਂ ਸਾਰੇ ਬਾਲਾਂ ਨੂੰ ਤੂੰ ਜ਼ਿੰਦਗੀ ਕਹਿੰਦਾ ਏਂ" ਪਤਾ ਨਹੀਂ ਚਾਚਾ ਕੀ ਕੀ ਬੋਲਦਾ ਗਿਆ ਫੇਰ ਜਿਵੇਂ ਉਸ ਦਾ ਗੁੱਸਾ ਹਲਕਾ ਹੋ ਗਿਆ ਸੀ ਤੇ ਉਹ ਕਹਿ ਰਿਹਾ ਸੀ "ਪੁੱਤ ਬਈ ਚੰਗੇ ਜ਼ਿੰਦਗੀ ਦੇ ਦਿਨ ਤਾਂ ਪੁੱਤਰਾ ਦੇਖ ਲਏ ਜਿਹੜੇ ਦੇਖਣੇ ਸੀ। ਹੁਣ ਤਾਂ ਕੀ ਹੈ, ਲੇਖ ਹੈ ਸਿਰਫ। ਜ਼ਿੰਦਗੀ ਤਾਂ ਉਨੀ ਦੇਰ ਹੁੰਦੀ ਹੈ ਜਿੰਨੀ ਦੇਰ ਕੋਈ ਆਪਣਾ ਦਰਦ ਸੁਣਾਵੇ ਤੇ ਕਿਸੇ ਦਾ ਸੁਣੇ, ਕਿਸੇ ਨੂੰ ਦੇਰ ਸਾਰੀ ਰਾਤ ਤੱਕ ਕੋਈ ਉਡੀਕੇ, ਕਿਸੇ ਦੇ ਰਾਹਾਂ ਤੇ ਅੱਖੀਆਂ ਵਿਛਾਏ ਤੇ ਕਿਸੇ ਦੀ ਲੰਬੀ

ਬਿਮਾਰੀ ਦਾ ਅੱਧ ਵੰਡਾ ਲਵੇ। ਹੁਣ ਤਾਂ ਮੈਨੂੰ ਇੰਞ ਲਗਦਾ ਜਿਵੇਂ ਮੈਨੂੰ ਅਧ-ਰੰਗ ਹੋ ਗਿਆ ਹੋਵੇ ਤੇ ਮੇਰਾ ਇਕ ਪਾਸਾ ਮਰ ਗਿਆ ਹੋਵੇ। ਹੁਣ ਤਾਂ ਬੱਸ ਇਹ ਦੁਆ ਹੈ ਕਿ ਰੱਬ ਲੈ ਜੇ ਮੈਨੂੰ ਵੀ, ਕਿਉਂਕਿ ਕੱਲੇ ਕੱਲੇ ਕੇ ਲੰਬੇ ਦਿਨ ਗੁਜ਼ਾਰਨੇ ਔਖੇ ਨੇ। ਤੇਰੀ ਚਾਚੀ ਜਿਸ ਦਿਨ ਦੀ ਛੱਡ ਕੇ ਚਲੀ ਗਈ ਗਾਇਆਂ ਮੈਨੂੰ ਇਸ ਤਰ੍ਹਾਂ ਲਗਦਾ ਹੈ ਜਿਵੇਂ ਦਰਿਆ ਦਾ ਇਕ ਕਿਨਾਰਾ ਟੁੱਟ ਗਿਆ ਹੋਵੇ ਤੇ ਸਾਰਾ ਪਾਣੀ ਬੇ-ਵਜ੍ਹਾ ਵਹਿ ਗਿਆ ਹੋਵੇ, ਅਤੇ ਦਰਿਆ ਨੂੰ ਵਿਚ ਪਏ ਹੋਏ ਇੱਟਾਂ ਰੋੜੇ ਵੱਟੀਆਂ ਚਿੜਾ ਰਹੇ ਹੋਣ। ਕੁੱਛ ਨਈਂ ਯਾਰਾ ਉਹ ਤੇ ਦਿਲ ਰਈ ਆ। ਚਾਚੇ ਨੇ ਲੰਮਾ ਹੌਕਾ ਲੈਂਦਿਆਂ ਗੱਲ ਖਤਮ ਕੀਤੀ। ਹਾੜੀ ਐਂਤਕੀ ਚੰਗੀ ਹੋ ਜੂ। ਛੇਤੀ ਕਰਮੇ ਦਾ ਵਿਆਹ ਕਰ ਲੈ। ਨੂੰਹ ਆ ਜਾਏਗੀ ਫਿਰ ਤੇਰਾ ਦਿਲ ਲਗ ਜਾਊ। ਮੈਂ ਚਾਚੇ ਨਾਲ ਹੌਸਲਾ ਜਿਹਾ ਦੇਣ ਵਾਲੀ ਗੱਲ ਕਰਕੇ ਖੇਤ ਨੂੰ ਤੁਰ ਗਿਆ।

ਕੁੱਝ ਦਿਨ ਬਾਅਦ ਕਹਿਰਾਂ ਦੀ ਕਾਲੀ ਬੋਲੀ ਘਟਾ ਆਈ ਤੇ ਫੇਰ ਏਨੇ ਗੜੇ ਪਏ ਕਿ ਗਜ਼ ਗਜ਼ ਲੰਬੀਆਂ ਕਣਕਾਂ ਪਲ ਵਿਚ ਹੀ ਵਿਛ ਗਈਆਂ। ਕਿਸਾਨਾਂ ਦੇ ਮੱਥੇ ਤੇ ਤ੍ਰੇਲੀਆਂ ਆ ਗਈਆਂ। ਲੋਕੀਂ ਤਰਲੇ ਲੈਂਦੇ। ਕੋਈ ਝਾੜੂ ਫੜੀ ਧਰਤੀ ਤੇ ਖਿਲਰੇ ਮੋਤੀਆਂ ਵਰਗੇ ਦਾਣਿਆਂ ਨੂੰ ਹੂੰਝਦਾ। ਕੋਈ ਕਹਿੰਦਾ ਕਰੋਪੀ ਹੈ। ਕੋਈ ਕਹਿੰਦਾ ਗਰੀਬਾਂ ਦੇ ਤਾਂ ਪੈਣਗੇ ਭੁਖਾਰੇ। ਜਿੰਨੇ ਮੂੰਹ ਉਨੀਆਂ ਗੱਲਾਂ। ਸਭ ਨੇ ਅੱਧ ਤੇ ਗਰੀਬਾਂ ਤੋਂ ਖੇਤ ਹੂੰਝਾਏ ਤੇ ਮਣ ਏ ਮਣ ਦਾਣੇ ਆ ਹੀ ਗਏ। ਚਾਚੇ ਵਾਲਾ ਖੇਤ ਕਈ ਦਿਨ ਉਵੇਂ ਹੀ ਪਿਆ ਰਿਹਾ। ਖਿੰਡੇ ਹੋਏ ਦਾਣੇ ਦੇਖਕੇ ਧੀਰੋ ਮਜ਼ਦੂਰ ਨੇ ਚਾਚੇ ਨੂੰ ਟਿੱਚਰ ਜਿਹੀ ਕੀਤੀ "ਭਾਈ ਜੀ, ਜੇ ਕਹੋਂ ਤੇਰਾ ਵੀ ਹੂੰਝ ਦੇਨੇ ਆ ਖੇਤ, ਸ਼ਾਇਦ ਕੁੱਝ ਨਾ ਕੁੱਝ ਨਿਕਲ ਹੀ ਆਵੇ।"....

ਚਾਚੇ ਦੀ ਜਿਵੇਂ ਇਕ ਚੀਸ ਜਿਹੀ ਪਈ ਤੇ ਜਿਵੇਂ ਕਿਸੇ ਨੇ ਫਿਰ ਉਸ ਦੀ ਦੁਖਦੀ ਰਗ ਨੂੰ ਛੇੜਿਆ ਹੋਵੇ। ਉਹ ਬੋਲਿਆ "ਜਾਓ ਭਾਈ, ਹੋਰ ਦੇਖ ਲਉ, ਇਹ ਖੇਤ ਤਾਂ ਪਹਿਲਾਂ ਹੀ ਹੂੰਝੇ ਹੋਏ ਆ, ਇਹਨਾਂ ਚੋਂ ਉਹ ਕੀ ਨਿਕਲਣਾ।"

o


ਉੱਤਰੀ ਅਮਰੀਕਾ ਮਹਾਂਦੀਪ
ਵਿੱਚ ਪੰਜਾਬੀ ਦਾ ਇਕੋ ਇਕ
ਸਾਹਿੱਤਕ-ਸੱਭਿਆਚਾਰਕ ਮਾਸਿਕ




ਖੁਦ ਸਾਲਾਨਾ ਪਾਠਕ ਬਣੋ ਤੇ ਹੋਰਾਂ ਨੂੰ ਪਰੇਰੋ। ਨਮੂਨੇ ਦੇ ਪਰਚੇ ਲਈ ਸਾਨੂੰ ਲਿਖੋ। ਸਾਲਾਨਾ ਚੰਦਾ ਅੱਠ ਡਾਲਰ ਤੇ ਛਿਮਾਹੀ ਚੰਦਾ ਚਾਰ ਡਾਲਰ ਹੈ।

THE WATNO DŪR

ਜਦੋਂ ਤੁਹਾਡਾ ਪਤਾ ਬਦਲੇ

ਕਿਰਪਾ ਕਰਕੇ ਆਪਣਾ:
i) ਨਵਾਂ ਪਤਾ
ii) ਜ਼ਿਪ ਨੰਬਰ
iii) ਪੋਸਟਲ ਕੋਡ ਨੰਬਰ
iv) ਟੈਲੀਫੋਨ ਨੰਬਰ
ਸਾਨੂੰ ਭੇਜੋ!

ਵਤਨੋਂ ਦੂਰ
P.O. BOX 67681 STN. "O"
VANCOUVER, B.C. V5W 3V2

ਸ੍ਰੀ ਮਾਨ ਜੀ.

- ਮੈਂ ਅੱਠ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਹੇਠ ਲਿਖੇ ਪਤੇ ਤੇ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ:
- ਮੈਂ ਦਸ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਉੱਤਰੀ ਅਮਰੀਕਾ ਤੋਂ ਬਾਹਰ ਮੇਰੇ ਸਨੇਹੀ ਨੂੰ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ:

.................... ....................
.................... ....................
.................... ....................
.................... ....................

# ਜੋਤਿਸ਼ ਰਾਹੀਂ ਆਪਣਾ ਭਵਿੱਖ ਜਾਣੋ

ਮੁਸ਼ਕਲਾਂ ਤੇ ਕਾਬੂ ਪਾਵੋ ਅੱਜ ਹੀ ਸਲਾਹ ਲਵੋ

ਮਿਸਿਜ਼ ਮਡੇਲਾ 251-3697

Mrs. Madella - Spiritual reader and adviser. Palm and tarot card reading. She will help you with your problems in business, health, love affairs, sickness, where others have failed. Special reading by mail with free monthly horoscope. Send $10.00, date of birth and year to - Mrs. Madella. P.O. Box 69784, Station 'K', Vancouver, B.C. V5K 4Y7.

**TELEPHONE: 251-3697**

# VIDEO SHOP

franchised dealers
in

**Philips Candle Akai**
**Sanyo Magnavox**
**Sansui Sony RCA**

* Video Cassette Recorders
* Colour and B&W Video
* Hindi and Punjabi Films on Video Cassettes, VHS Betamax Formats
* Hindi and Punjabi Songs on Cassettes and 8 Tracks
* We Specialize in 220V appliances and Electronic Products

**BUS. 321-1333**
**RES. 325-9679**

6669 Main Street, Vancouver, B.C.

# KINGSGATE INSURANCE AGENCIES



YOUR Independent Insurance AGENT "SERVES YOU FIRST"

autoplan AUTHORIZED AGENT

THE BEST SERVICE
COSTS NO MORE

Fazal Khan
&
Daljit S. Sidhu

For Quick, Efficient & Most Courteous Service Visit

| 104. KINGSGATE MALL<br>370 E. BROADWAY<br>VANCOUVER B.C.<br>PH.872-7827<br>MANAGER: FAZAL KHAN | 6697 MAIN ST., [51st & MAIN]<br>VANCOUVER B.C.<br>PH. 324-2311<br>MANAGER: DALJIT SIDHU |
|---|---|

# ਫਰੰਟੀਅਰ ਕਲਾਥ ਹਾਊਸ

## *Imported Printed; Plain & Embroidered Sarees*

**SPECIALISTS IN:**

- **INDIAN** SILK SUITS WITH CHUNI
- **SAREES, LEHNGAS**
- **CAPES, HARS** KALEERA'S
- **AND OTHER INDIAN GOODS**
- **JAPANESE** YARD MATERIAL
- **PLAIN SAREES**
- **SUITS**
- **DRAPES**
- QUILTS ਰਜਾਈਆਂ

We are reopening our old store and the opening date will be announced soon!




**Now At New Location**

## WE ARE BRINGING IN SOME EXCITING ADDITIONS IN OUR STORE AT 6672 MAIN STREET

***Drapes Material** ***Jewellery** ***Indian Chappals,**

***Bedspreads** ***Sarees** ***Suits Material**

**SUSHIL KUMAR**

PH: 325-3515
325-4424

# FRONTIER CLOTH HOUSE LTD.

**6695 MAIN STREET VANCOUVER, B.C.**

# SPECIAL ANNOUNCEMENT

## SEABOARD LIFE INSURANCE COMPANY

is proud to announce
the appointment of
**JAGJIT S. SIDHU**
**as the Assistant Manager**
**of our VANCOUVER BRANCH**



JAGJIT SINGH SIDHU M.A.

**HE has been with the company for four years in the capocity of both repesentative and superviser. He has been a company leader in production and brings a wealth of knowledge about Seabord products to his new position.**

**A.J.H. Lane—Agency Executive**

He will be in a position to offer you a wide variety of Life Insurance Plans, Registered Retirement Plans. Deferred Annuities, Sickness and Accident Insurance, Mortgage Insurance and attractive Savings Plans with Insurance such as:

SEABOARD'S

# "MONEY BACK PLUS"

NOW — a life insurance policy that

**GUARANTEES EVERY CENT OF YOUR MONEY BACK** anytime you ask — after premiums have been paid and the policy has been in force for two years.

**For Information** *PHONE:* Bus: **736-8086** Res: **324-2493**

## SEABOARD LIFE INSURANCE COMPANY

**202 - 4640 No. 3 rd. Richmond, B.C.**

WATNO DUR (Far from the Motherland) is a literary and cultural monthly of PANJABI language — the mother-tongue of East Panjab (India) and West Panjab (Pakistan) published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.

**WATNO DUR**
P.O. BOX 67681 STN. "O"
VANCOUVER, B.C.
V5W 3V2